Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 3 : # ਅੰਕ 257 28/12/2024 www.samajweekly.com samajweekly @samajweekly samajweekly

# ਡੱਲੇਵਾਲ ਨੂੰ ਲੈ ਕੇ ਸੁਪਰੀਮ ਕੋਰਟ ਨੇ ਪ੍ਰਗਟਾਈ ਚਿੰਤਾ: 'ਕਿਸੇ ਦੀ ਜਾਨ ਦਾਅ 'ਤੇ ਹੈ, ਇਸ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ'

## ਕਿਸਾਨ ਆਗੂ ਡੱਲੇਵਾਲ ਦੀ ਡਾਕਟਰੀ ਸਹਾਇਤਾ 'ਤੇ ਸੁਪਰੀਮ ਕੋਰਟ ਦਾ ਪੰਜਾਬ ਸਰਕਾਰ ਨੂੰ ਨੋਟਿਸ

**ਨਵੀਂ ਦਿੱਲੀ।** ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਡਾਕਟਰੀ ਸਹਾਇਤਾ ਦੇਣ ਦੇ ਦਿਤੇ ਹੁਕਮਾਂ ਦੀ ਪਾਲਣਾ ਨਾ ਕਰਨ 'ਤੇ ਸੁਪਰੀਮ ਕੋਰਟ ਨੇ ਮੁੱਖ ਸਕੱਤਰ ਵਿਰੁਧ ਮਾਣਹਾਨੀ ਦੀ ਪਟੀਸ਼ਨ 'ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਸਨਿਚਰਵਾਰ ਤਕ ਪਾਲਣਾ ਰਿਪੋਰਟ ਦਾਖ਼ਲ ਕਰਨ ਦੇ ਨਿਰਦੇਸ਼ ਦਿਤੇ ਹਨ। ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਕਿਹਾ, "ਅਸੀਂ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਜ਼ਿੰਦਗੀ ਅਤੇ ਸੁਰੱਖਿਆ ਨੂੰ ਲੈ ਕੇ ਚਿੰਤਤ ਹਾਂ ਅਤੇ ਪੰਜਾਬ ਸਰਕਾਰ ਨੂੰ ਉਸ ਨੂੰ ਡਾਕਟਰੀ ਸਹਾਇਤਾ ਯਕੀਨੀ ਬਣਾਉਣ ਲਈ ਸਾਰੇ ਕਦਮ ਚੁੱਕਣੇ ਚਾਹੀਦੇ ਹਨ। ਬੈਂਚ ਨੇ ਕਿਹਾ, ''ਜੇਕਰ ਕਾਨੂੰਨ ਵਿਵਸਥਾ ਦੀ ਸਥਿਤੀ ਹੈ ਤਾਂ ਤੁਹਾਨੂੰ ਇਸ ਨਾਲ ਸਖ਼ਤੀ ਨਾਲ ਨਜਿੱਠਣਾ ਹੋਵੇਗਾ। ਕਿਸੇ ਦੀ ਜਾਨ ਦਾਅ 'ਤੇ ਹੈ, ਤੁਹਾਨੂੰ ਇਸ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਡਾਕਟਰੀ



ਸਹਾਇਤਾ ਦਿਤੀ ਜਾਣੀ ਹੈ ਅਤੇ ਅਜਿਹਾ ਲਗਦਾ ਹੈ ਕਿ ਤੁਸੀਂ ਇਸਦਾ ਪਾਲਣ ਨਹੀਂ ਕਰ ਰਹੇ ਹੋ। " ਸੁਪਰੀਮ ਕੋਰਟ ਨੇ ਸ਼ੁਕਰਵਾਰ ਨੂੰ ਅਣਮਿੱਥੇ ਸਮੇਂ ਦੀ ਭੁੱਖ ਹੜਤਾਲ ਅਤੇ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਜਾਨ ਅਤੇ ਸੁਰੱਖਿਆ ਨੂੰ ਲੈ ਕੇ ਚਿੰਤਾ ਜ਼ਾਹਰ ਕੀਤੀ ਹੈ। ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਸੁਧਾਂਸ਼ੂ ਧੂਲੀਆ ਦੇ ਬੈਂਚ ਨੇ ਡੱਲੇਵਾਲ ਨੂੰ ਡਾਕਟਰੀ ਸਹਾਇਤਾ ਸਬੰਧੀ ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਣਾ ਨਾ ਕਰਨ ਲਈ ਮੁੱਖ ਸਕੱਤਰ ਵਿਰੁਧ ਮਾਣਹਾਨੀ ਦੀ ਪਟੀਸ਼ਨ 'ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਸੁਪਰੀਮ ਕੋਰਟ ਨੇ ਰਾਜ ਸਰਕਾਰ ਨੂੰ ਸਨਿਚਰਵਾਰ ਤਕ ਅਨੁਪਾਲਨ ਰਿਪੋਰਟ ਦਾਇਰ ਕਰਨ ਦਾ ਨਿਰਦੇਸ਼ ਦਿਤਾ, ਜਦੋਂ ਉਹ ਮਾਮਲੇ ਦੀ ਦੁਬਾਰਾ ਸੁਣਵਾਈ ਕਰੇਗੀ। ਵਰਨਣਯੋਗ ਹੈ ਕਿ ਕਿਸਾਨ ਆਗੂ ਡੱਲੇਵਾਲ 26 ਨਵੰਬਰ 2024 ਤੋਂ ਖਨੌਰੀ ਸਰਹੱਦ 'ਤੇ ਅਣਮਿੱਥੇ ਸਮੇਂ ਲਈ ਮਰਨ ਵਰਤ 'ਤੇ ਹਨ ਤਾਂ ਜੋ ਕੇਂਦਰ 'ਤੇ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਸਮੇਤ ਕਿਸਾਨਾਂ ਦੀਆਂ ਮੰਗਾਂ ਮੰਨਣ ਲਈ ਦਬਾਅ ਬਣਾਇਆ ਜਾ ਸਕੇ।

# ਪੰਜਾਬ ਸਰਕਾਰ ਵੱਲੋਂ ਸੱਤ ਦਿਨਾ ਰਾਜਸੀ ਸੋਗ ਦਾ ਐਲਾਨ

**ਚੰਡੀਗੜ੍ਹ।** ਪੰਜਾਬ ਸਰਕਾਰ ਨੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਦੇਹਾਂਤ 'ਤੇ ਸੂਬੇ ਵਿੱਚ 7 ਦਿਨ ਦੇ ਰਾਜਸੀ ਸੋਗ ਦਾ ਐਲਾਨ ਕੀਤਾ ਹੈ। ਇਸ ਦੌਰਾਨ ਪੰਜਾਬ ਦੇ ਸਾਰੇ ਦਫ਼ਤਰਾਂ ਵਿੱਚ ਕੌਮੀ ਝੰਡਾ ਅੱਧਾ ਝੁਕਿਆ ਰਹੇਗਾ। ਇਨ੍ਹਾਂ ਸੱਤ ਦਿਨਾਂ ਦੌਰਾਨ ਪੰਜਾਬ ਸਰਕਾਰ ਦੇ ਕਿਸੇ ਵੀ ਦਫ਼ਤਰ ਜਾਂ ਅਦਾਰੇ ਵਿੱਚ ਖੁਸ਼ੀ ਦਾ ਕੋਈ ਵੀ ਅਧਿਕਾਰਤ ਸਮਾਗਮ ਨਹੀਂ ਹੋਵੇਗਾ। ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਪੰਜਾਬ ਅਤੇ ਰਾਜਧਾਨੀ ਚੰਡੀਗੜ੍ਹ ਨਾਲ ਗੂੜ੍ਹਾ ਰਿਸ਼ਤਾ ਰਿਹਾ ਹੈ। ਉਨ੍ਹਾਂ ਪੰਜਾਬ ਨੂੰ ਇੰਡੀਅਨ ਇੰਸਟੀਚਿਊਟ ਆਫ ਸਾਇੰਸ ਐਜੂਕੇਸ਼ਨ ਐਂਡ ਰਿਸਰਚ (ਆਈਸਰ), ਆਈਆਈਟੀ ਰੋਪੜ, ਹੋਮੀ ਭਾਬਾ ਕੈਂਸਰ ਹਸਪਤਾਲ ਅਤੇ ਬਠਿੰਡਾ ਰਿਫਾਈਨਰੀ ਸਣੇ ਕਈ ਵੱਡੇ ਪ੍ਰਾਜੈਕਟ ਦਿੱਤੇ। ਮਨਮੋਹਨ ਸਿੰਘ ਦਾ ਪਰਿਵਾਰ ਦੇਸ਼ ਵੰਡ ਮਗਰੋਂ ਪਾਕਿਸਤਾਨ ਤੋਂ ਭਾਰਤ ਆ ਗਿਆ ਸੀ। ਮਨਮੋਹਨ ਸਿੰਘ ਨੇ ਆਪਣੀ ਮੁੱਢਲੀ ਪੜ੍ਹਾਈ ਅੰਮ੍ਰਿਤਸਰ ਵਿੱਚ ਕੀਤੀ। ਬਾਅਦ ਵਿੱਚ ਉਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਪੜ੍ਹੇ ਅਤੇ



1957 ਤੋਂ 1965 ਤੱਕ ਇੱਥੇ ਹੀ ਪ੍ਰੋਫੈਸਰ ਵਜੋਂ ਸੇਵਾਵਾਂ ਨਿਭਾਈਆਂ। ਉਨ੍ਹਾਂ 2004 ਤੋਂ 2014 ਤੱਕ ਦੋ ਵਾਰ ਪ੍ਰਧਾਨ ਮੰਤਰੀ ਰਹਿੰਦਿਆਂ ਸਿਆਸਤ ਤੋਂ ਉਪਰ ਉੱਠ ਕੇ ਪੰਜਾਬ ਦੇ ਪੁੱਤ ਹੋਣ ਦਾ ਫਰਜ਼ ਨਿਭਾਇਆ। ਉਨ੍ਹਾਂ ਦੇ ਕਾਰਜਕਾਲ ਦੌਰਾਨ ਜ਼ਿਆਦਾ ਸਮਾਂ ਭਾਵੇਂ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੀ ਸਰਕਾਰ ਰਹੀ, ਫਿਰ ਵੀ ਉਨ੍ਹਾਂ ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਲਈ ਕਈ ਪ੍ਰਾਜੈਕਟਾਂ ਨੂੰ ਮਨਜ਼ੂਰੀ ਦਿੱਤੀ। ਸਾਲ 2004 ਵਿੱਚ ਉਨ੍ਹਾਂ ਪ੍ਰਧਾਨ ਮੰਤਰੀ ਬਣਦਿਆਂ ਹੀ ਅੰਮ੍ਰਿਤਸਰ, ਸ੍ਰੀ ਆਨੰਦਪੁਰ ਸਾਹਿਬ ਤੇ ਲੁਧਿਆਣਾ ਨੂੰ ਵਿਕਸਤ ਕਰਨ ਲਈ ਕਈ ਪ੍ਰਾਜੈਕਟਾਂ ਨੂੰ ਮਨਜ਼ੂਰੀ ਦਿੱਤੀ। ਦੋਸਤ ਵੱਲੋਂ ਲਿਖੀ ਚਿੱਠੀ ਨੂੰ ਵਿਚਾਰਦਿਆਂ ਉਨ੍ਹਾਂ ਮੁਹਾਲੀ ਵਿੱਚ 'ਆਈਸਰ' ਸਥਾਪਤ ਕਰਨ ਦੀ ਪ੍ਰਵਾਨਗੀ ਦਿੱਤੀ, ਜੋ 2007 ਵਿੱਚ ਬਣ ਕੇ ਤਿਆਰ ਹੋਇਆ। ਇਸੇ ਤਰ੍ਹਾਂ ਰੋਪੜ ਵਿੱਚ ਆਈਆਈਟੀ ਸਥਾਪਤ ਕਰਨ ਦਾ ਫੈਸਲਾ ਕੀਤਾ। ਸਾਲ 2012 ਵਿੱਚ ਉਨ੍ਹਾਂ 21 ਹਜ਼ਾਰ ਕਰੋੜ ਰੁਪਏ ਦੀ ਲਾਗਤ ਨਾਲ ਬਠਿੰਡਾ ਵਿੱਚ ਤਿਆਰ ਰਿਫਾਇਨਰੀ ਦਾ ਉਦਘਾਟਨ ਕੀਤਾ। ਸਾਲ 2013 ਵਿੱਚ ਨਿਊ ਚੰਡੀਗੜ੍ਹ ਦੇ ਮੁੱਲਾਂਪੁਰ 'ਚ ਹੋਮੀ ਭਾਬਾ ਕੈਂਸਰ ਹਸਪਤਾਲ ਦਾ ਨੀਂਹ ਪੱਥਰ ਰੱਖਿਆ। ਇਸੇ ਤਰ੍ਹਾਂ ਉਨ੍ਹਾਂ ਕਿਸਾਨਾਂ ਦਾ 70 ਹਜ਼ਾਰ ਕਰੋੜ ਰੁਪਏ ਦੇ ਕਰੀਬ ਦਾ ਕਰਜ਼ਾ ਮੁਆਫ ਕਰਨ ਦਾ ਐਲਾਨ ਵੀ ਕੀਤਾ ਸੀ।

# ਮੀਂਹ ਤੇ ਗੜਿਆਂ ਨੇ ਝੰਬਿਆ ਪੰਜਾਬ ਤੇ ਹਰਿਆਣਾ



**ਚੰਡੀਗੜ੍ਹ।** ਪੰਜਾਬ ਤੇ ਹਰਿਆਣਾ ਸਣੇ ਉੱਤਰੀ ਭਾਰਤ ਦੇ ਜ਼ਿਆਦਾਤਰ ਇਲਾਕਿਆਂ ਵਿੱਚ ਅੱਜ ਮੀਂਹ ਨਾਲ ਗੜੇ ਪਏ। ਇਸ ਕਾਰਨ ਖੇਤਰ ਵਿੱਚ ਠੰਢ ਨੇ ਵੀ ਜ਼ੋਰ ਫੜ ਲਿਆ ਹੈ, ਜਿਸ ਕਰਕੇ ਜਨ-ਜੀਵਨ ਪ੍ਰਭਾਵਿਤ ਹੋਇਆ। ਮੀਂਹ ਕਰਕੇ ਪਾਰਾ ਵੀ 5 ਡਿਗਰੀ ਸੈਲਸੀਅਸ ਤੱਕ ਹੇਠਾਂ ਡਿੱਗ ਗਿਆ ਹੈ। ਦੂਜੇ ਪਾਸੇ ਪੰਜਾਬ ਤੇ ਹਰਿਆਣਾ ਵਿੱਚ ਗੜੇ ਪੈਣ ਤੋਂ ਬਾਅਦ ਕਿਸਾਨ ਫਿਕਰਾਂ ’ਚ ਪੈ ਗਏ ਹਨ। ਹਾਲਾਂਕਿ ਇਹ ਮੀਂਹ ਕਣਕ ਦੀ ਫ਼ਸਲ ਲਈ ਵਰਦਾਨ ਸਾਬਿਤ ਹੋ ਸਕਦਾ ਹੈ ਪਰ ਗੜੇ ਫ਼ਸਲਾਂ ਤੇ ਸਬਜ਼ੀਆਂ ਲਈ ਨੁਕਸਾਨਦੇਹ ਸਾਬਤ ਹੋਣਗੇ। ਮੌਸਮ ਵਿਗਿਆਨੀਆਂ ਨੇ 28 ਦਸੰਬਰ ਨੂੰ ਸਵੇਰ ਵੇਲੇ ਕੁਝ ਇਲਾਕਿਆਂ ਵਿੱਚ ਹਲਕਾ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਹੈ। ਇਸ ਦੇ ਨਾਲ ਹੀ ਸੰਘਣੀ ਧੁੰਦ ਪੈਣ ਸਬੰਧੀ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਮੌਸਮ ਵਿਭਾਗ ਅਨੁਸਾਰ ਅੱਜ ਪੰਜਾਬ ਦੇ ਜ਼ਿਆਦਾਤਰ ਸ਼ਹਿਰਾਂ ਵਿੱਚ ਤੜਕੇ ਮੀਂਹ ਪੈਣਾ ਸ਼ੁਰੂ ਹੋਇਆ ਤੇ ਦੁਪਹਿਰ ਸਮੇਂ ਰਾਜਧਾਨੀ ਚੰਡੀਗੜ੍ਹ, ਮੁਹਾਲੀ, ਪਟਿਆਲਾ, ਜਲੰਧਰ, ਲੁਧਿਆਣਾ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ ਤੇ ਹੋਰਨਾਂ ਕਈ ਇਲਾਕਿਆਂ ਵਿੱਚ ਮੀਂਹ ਦੇ ਨਾਲ ਗੜੇ ਪਏ। ਇਸ ਤੋਂ ਬਾਅਦ ਦੇਰ ਰਾਤ ਤੱਕ ਪੰਜਾਬ ਦੇ ਜ਼ਿਆਦਾਤਰ ਇਲਾਕਿਆਂ ਵਿੱਚ ਮੀਂਹ ਪੈਂਦਾ ਰਿਹਾ। ਬਰਨਾਲਾ ਵਿੱਚ ਸਭ ਤੋਂ ਵੱਧ 23 ਐੱਮਐੱਮ ਮੀਂਹ ਪਿਆ ਹੈ। ਇੰਜ ਹੀ ਰਾਜਧਾਨੀ ਚੰਡੀਗੜ੍ਹ ਵਿੱਚ 8.9 ਐੱਮਐੱਮ, ਅੰਮ੍ਰਿਤਸਰ ਵਿੱਚ 10 ਐੱਮਐੱਮ, ਲੁਧਿਆਣਾ ਵਿੱਚ 1.4 ਐੱਮਐੱਮ, ਪਟਿਆਲਾ ਵਿੱਚ 5 ਐੱਮਐੱਮ, ਪਠਾਨਕੋਟ ਵਿੱਚ 4 ਐੱਮਐੱਮ, ਬਠਿੰਡਾ ਏਅਰਪੋਰਟ ’ਤੇ 17 ਐੱਮਐੱਮ, ਫਰੀਦਕੋਟ ਵਿੱਚ 5.5 ਐੱਮਐੱਮ, ਫਤਹਿਗੜ੍ਹ ਸਾਹਿਬ ਵਿੱਚ 7 ਐੱਮਐੱਮ, ਹੁਸ਼ਿਆਰਪੁਰ ਵਿੱਚ 7.5 ਐੱਮਐੱਮ, ਮੋਗਾ ਵਿੱਚ 12.5 ਐੱਮਐੱਮ, ਮੁਹਾਲੀ ਵਿੱਚ 7.5 ਐੱਮਐੱਮ, ਰੂਪਨਗਰ ਵਿੱਚ 7.5 ਐੱਮਐੱਮ ਅਤੇ ਫਿਰੋਜ਼ਪੁਰ ਵਿੱਚ 3.5 ਐੱਮਐੱਮ ਮੀਂਹ ਪਿਆ ਹੈ।

## ਕਸ਼ਮੀਰ ਦੇ ਕਈ ਹਿੱਸਿਆਂ ’ਚ ਤਾਜ਼ਾ ਬਰਫ਼ਬਾਰੀ



**ਸ੍ਰੀਨਗਰ।** ਕਸ਼ਮੀਰ ਦੇ ਕਈ ਹਿੱਸਿਆਂ ਵਿੱਚ ਸ਼ੁੱਕਰਵਾਰ ਨੂੰ ਤਾਜ਼ਾ ਬਰਫਬਾਰੀ ਹੋਈ, ਜਦਕਿ ਘਾਟੀ ਵਿੱਚ ਜ਼ਿਆਦਾਤਰ ਥਾਵਾਂ ’ਤੇ ਘੱਟੋ-ਘੱਟ ਤਾਪਮਾਨ ’ਚ ਮਾਮੂਲੀ ਵਾਧਾ ਦਰਜ ਕੀਤਾ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਸ਼ੁੱਕਰਵਾਰ ਨੂੰ ਜੰਮੂ ਕਸ਼ਮੀਰ ਵਿੱਚ ਪੱਛਮੀ ਗੜਬੜੀ ਕਾਰਨ ਘਾਟੀ ਦੇ ਕਈ ਇਲਾਕਿਆਂ ਵਿੱਚ ਹਲਕੀ ਬਰਫਬਾਰੀ ਹੋਈ। ਉਨ੍ਹਾਂ ਦੱਸਿਆ ਕਿ ਗੁਲਮਰਗ ਦੇ ਮਸ਼ਹੂਰ ਸਕੀ ਰਿਜ਼ੋਰਟ, ਸੋਨਮਰਗ ਅਤੇ ਪਹਿਲਗਾਮ ਦੇ ਸੈਰ-ਸਪਾਟਾ ਸਥਾਨ, ਗੁਰੇਜ਼, ਜ਼ੋਜਿਲਾ, ਸਾਧਨਾ ਟਾਪ, ਮੁਗਲ ਰੋਡ ਅਤੇ ਬਾਂਦੀਪੋਰਾ, ਬਾਰਾਮੂਲਾ ਅਤੇ ਕੁਪਵਾੜਾ ਜ਼ਿਲ੍ਹਿਆਂ ਦੇ ਕਈ ਇਲਾਕਿਆਂ ਵਿੱਚ ਬਰਫ਼ਬਾਰੀ ਹੋਈ ਹੈ। ਉਨ੍ਹਾਂ ਕਿਹਾ ਕਿ ਸੀਜ਼ਨ ਦੀ ਪਹਿਲੀ ਬਰਫ਼ਬਾਰੀ ਸ੍ਰੀਨਗਰ, ਗੰਦਰਬਲ, ਅਨੰਤਨਾਗ, ਕੁਲਗਾਮ, ਸ਼ੋਪੀਆਂ ਅਤੇ ਪੁਲਵਾਮਾ ਜ਼ਿਲ੍ਹਿਆਂ ਦੇ ਮੈਦਾਨੀ ਇਲਾਕਿਆਂ ਵਿੱਚ ਹੋਈ। ਅਧਿਕਾਰੀਆਂ ਨੇ ਦੱਸਿਆ ਕਿ ਤਾਜ਼ਾ ਬਰਫਬਾਰੀ ਕਾਰਨ ਸ਼੍ਰੀਨਗਰ-ਲੇਹ ਹਾਈਵੇਅ ਅਤੇ ਮੁਗਲ ਰੋਡ ਨੂੰ ਬੰਦ ਕਰ ਦਿੱਤਾ ਗਿਆ ਹੈ।

## ਜਗਜੀਤ ਡੱਲੇਵਾਲ ਦਾ ਖਨੌਰੀ ਮੋਰਚੇ 'ਤੇ ਮਰਨ ਵਰਤ ਅੱਜ 32ਵੇਂ ਦਿਨ ਵੀ ਜਾਰੀ, ਸਥਿਤੀ ਚਿੰਤਾਜਨਕ



**ਖਨੌਰੀ।** ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਖਨੌਰੀ ਮੋਰਚੇ 'ਤੇ ਚੱਲ ਰਿਹਾ ਮਰਨ ਵਰਤ ਅੱਜ ੩੨ਵੇਂ ਦਿਨ ਵੀ ਜਾਰੀ ਰਿਹਾ, ਅੱਜ ਸਰਕਾਰੀ ਅਤੇ ਪ੍ਰਾਈਵੇਟ ਡਾਕਟਰਾਂ ਦੀਆਂ ਟੀਮਾਂ ਨੇ ਕੀਟੋਨ ਬਾਡੀ ਟੈਸਟ ਦੀ ਤਾਜ਼ਾ ਰਿਪੋਰਟ ਕਿਸਾਨ ਆਗੂਆਂ ਨੂੰ ਸਸੌਂਪੀ ਗਈ। ਜਗਜੀਤ ਸਿੰਘ ਡੱਲੇਵਾਲ ਦੀ ਕੀਟੋਨ ਬਾਡੀ ਦੇ ਨਤੀਜੇ ਦੋਵੇਂ ਰਿਪੋਰਟਾਂ ਵਿੱਚ ਬਹੁਤ ਜ਼ਿਆਦਾ ਹਨ, ਪ੍ਰਾਈਵੇਟ ਡਾਕਟਰਾਂ ਦੀ ਰਿਪੋਰਟ ਵਿੱਚ ੬.੮ ਅਤੇ ਸਰਕਾਰੀ ਡਾਕਟਰਾਂ ਦੀ ਰਿਪੋਰਟ ਵਿੱਚ ੫.੮ ਜੋ ਕਿ ਆਮ ਨਾਲੋਂ ਬਹੁਤ ਜ਼ਿਆਦਾ ਹਨ ਜੋ ਕਿ ਬਹੁਤ ਚਿੰਤਾਜਨਕ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਤਾਜ਼ਾ ਰਿਪੋਰਟਾਂ ਤੋਂ ਇਹ ਗੱਲ ਸਪੱਸ਼ਟ ਹੋ ਗਈ ਹੈ ਕਿ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਜੀ ਦਾ ਸਰੀਰ ਅੰਦਰੋਂ-ਅੰਦਰੀ ਖਾ ਰਿਹਾ ਹੈ ਅਤੇ ਲੰਬੇ ਸਮੇਂ ਤੋਂ ਚੱਲ ਰਹੇ ਵਰਤ ਕਾਰਨ ਉਨ੍ਹਾਂ ਦੇ ਸਰੀਰ ਵਿੱਚ ਕੀਟੋਨ ਦਾ ਪੱਧਰ ਕਾਫੀ ਵੱਧ ਗਿਆ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਅੱਜ ਸੁਪਰੀਮ ਕੋਰਟ ਵਿੱਚ ਕਿਸੇ ਵਿਅਕਤੀ ਵੱਲੋਂ ਮਾਣਹਾਨੀ ਦੀ ਅਰਜ਼ੀ ਦਾਇਰ ਕੀਤੀ ਗਈ ਸੀ, ਜਿਸ ਦੀ ਸੁਣਵਾਈ ਦੌਰਾਨ ਕੇਂਦਰ ਸਰਕਾਰ ਦੇ ਨੁਮਾਇੰਦੇ ਸਾਲਿਸਟਰ ਜਨਰਲ ਦਾ ਰਵੱਈਆ ਜਮਹੂਰੀ ਕਦਰਾਂ-ਕੀਮਤਾਂ ਮੁਤਾਬਕ ਨਹੀਂ ਸੀ।ਸੁਪਰੀਮ ਕੋਰਟ ਵਿੱਚ ਸੁਣਵਾਈ ਦੌਰਾਨ ਇਹ ਵੀ ਚਰਚਾ ਹੋਈ ਕਿ ਜਗਜੀਤ ਸਿੰਘ ਡੱਲੇਵਾਲ ਜੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖਿਆ ਹੈ ਅਤੇ ਕੇਂਦਰ ਸਰਕਾਰ ਦੇ ਦਖਲ ਨਾਲ ਸਥਿਤੀ ਨੂੰ ਤਣਾਅਪੂਰਨ ਹੋਣ ਤੋਂ ਰੋਕਿਆ ਜਾ ਸਕਦਾ ਹੈ, ਪਰ ਨੁਮਾਇੰਦਿਆਂ ਦਾ ਰਵੱਈਆ ਕੇਂਦਰ ਸਰਕਾਰ ਗੱਲਬਾਤ ਪ੍ਰਤੀ ਹਾਂ-ਪੱਖੀ ਨਹੀਂ ਜਾਪਦੀ। ਕਿਸਾਨ ਆਗੂਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੂਰੀ ਦੁਨੀਆ ਨੂੰ ਸੁਨੇਹਾ ਦਿੰਦੇ ਹਨ ਕਿ ਵੱਡੇ ਤੋਂ ਵੱਡੇ ਮਸਲੇ ਵੀ ਗੱਲਬਾਤ ਰਾਹੀਂ ਹੱਲ ਕੀਤੇ ਜਾਣਗੇ ਪਰ ਕੇਂਦਰ ਸਰਕਾਰ ਸਾਡੇ ਦੇਸ਼ ਦੇ ਕਿਸਾਨਾਂ ਨਾਲ ਗੱਲ ਕਰਨ ਲਈ ਤਿਆਰ ਨਹੀਂ ਹੈ?

ਕਿਸਾਨ ਆਗੂਆਂ ਨੇ ਦੁਹਰਾਇਆ ਕਿ ਜੇਕਰ ਜਗਜੀਤ ਸਿੰਘ ਡੱਲੇਵਾਲ ਜੀ ਨਾਲ ਕੋਈ ਜਬਰਦਸਤੀ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਪ੍ਰਸ਼ਾਸਨ ਨੂੰ ਸਾਡੀਆਂ ਲਾਸ਼ਾਂ 'ਤੇ ਤੁਰਨਾ ਪਵੇਗਾ ਅਤੇ ਜੇਕਰ ਕੋਈ ਜਾਨੀ-ਮਾਲੀ ਨੁਕਸਾਨ ਹੁੰਦਾ ਹੈ ਤਾਂ ਇਸ ਦੀ ਜ਼ਿੰਮੇਵਾਰੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹੋਵੇਗੀ। ਕਿਸਾਨ ਆਗੂਆਂ ਨੇ ਸਮੂਹ ਕਿਸਾਨਾਂ ਨੂੰ ਵੱਧ ਤੋਂ ਵੱਧ ਗਿਣਤੀ ’ਚ ਇਸ ਮੋਰਚੇ ਵਿੱਚ ਪਹੁੰਚਣ ਦੀ ਅਪੀਲ ਕੀਤੀ ਹੈ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office

Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਸੰਸਦ ਨੇੜੇ ਖ਼ੁਦ ਨੂੰ ਅੱਗ ਲਾਉਣ ਵਾਲੇ ਵਿਅਕਤੀ ਦੀ ਇਲਾਜ ਦੌਰਾਨ ਮੌਤ

**ਨਵੀਂ ਦਿਲੀ।** 25 ਦਸੰਬਰ ਨੂੰ ਸੰਸਦ ਭਵਨ ਨੇੜੇ ਖੁਦ ਨੂੰ ਅੱਗ ਲਾਉਣ ਵਾਲੇ 26 ਸਾਲਾ ਵਿਅਕਤੀ ਦੀ ਅੱਜ ਰਾਮ ਮਨੋਹਰ ਲੋਹੀਆ (ਆਰ.ਐਮ.ਐਲ.) ਹਸਪਤਾਲ ਵਿਚ ਇਲਾਜ ਦੌਰਾਨ ਮੌਤ ਹੋ ਗਈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿਤੀ। ਬੁੱਧਵਾਰ ਨੂੰ ਉੱਤਰ ਪ੍ਰਦੇਸ਼ ਦੇ ਬਾਗਪਤ ਦੇ ਰਹਿਣ ਵਾਲੇ ਜਤਿੰਦਰ ਨੇ ਨਵੇਂ ਸੰਸਦ ਭਵਨ ਨੇੜੇ ਆਪਣੇ ਸਰੀਰ 'ਤੇ ਪੈਟਰੋਲ ਵਰਗਾ ਪਦਾਰਥ ਪਾ ਕੇ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਸੰਸਦ ਦੇ ਨੇੜੇ ਤਾਇਨਾਤ ਸੁਰੱਖਿਆ ਕਰਮਚਾਰੀਆਂ ਦੀ ਮਦਦ ਨਾਲ ਅੱਗ 'ਤੇ ਕਾਬੂ ਪਾਇਆ ਗਿਆ। ਇਸ ਤੋਂ ਬਾਅਦ ਉਸ ਨੂੰ ਆਰਐਮਐਲ ਹਸਪਤਾਲ ਲਿਜਾਇਆ ਗਿਆ ਅਤੇ ‘ਬਰਨ ਵਾਰਡ’ ਵਿਚ ਦਾਖ਼ਲ ਕਰਵਾਇਆ ਗਿਆ। ਮੁੱਢਲੀ ਜਾਂਚ ਮੁਤਾਬਕ ਬਾਗਪਤ ਸਥਿਤ ਆਪਣੇ ਘਰ ਦੇ ਕੁਝ ਲੋਕਾਂ ਨਾਲ ਝਗੜੇ ਕਾਰਨ ਵਿਅਕਤੀ ਨੇ ਇਹ ਕਦਮ ਚੁੱਕਿਆ। ਪੁਲਿਸ ਨੇ ਦਸਿਆ ਕਿ ਉਸ ਦੇ ਪਰਿਵਾਰ ਖ਼ਿਲਾਫ਼ ਉਸੇ ਪਿੰਡ ਦੇ ਹੀ ਇਕ ਹੋਰ ਪਰਿਵਾਰ ਨਾਲ ਕੁੱਟਮਾਰ ਕਰਨ ਦੇ ਦੋ ਮਾਮਲੇ ਦਰਜ ਹਨ, ਜਿਸ ਕਾਰਨ ਉਹ ਪਰੇਸ਼ਾਨ ਸੀ। ਹਸਪਤਾਲ ਦੇ ਅਧਿਕਾਰੀਆਂ ਮੁਤਾਬਕ ਉਹ 95 ਫੀਸਦੀ ਝੁਲਸ ਗਿਆ ਸੀ ਅਤੇ ਅੱਜ ਤੜਕੇ 2.23 ਵਜੇ ਉਸ ਦੀ ਮੌਤ ਹੋ ਗਈ। ਇਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਪੋਸਟਮਾਰਟਮ ਤੋਂ ਬਾਅਦ ਜਤਿੰਦਰ ਦੀ ਲਾਸ਼ ਉਸ ਦੇ ਪਰਿਵਾਰ ਨੂੰ ਸੌਂਪ ਦਿੱਤੀ ਗਈ ਹੈ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਭਾਰਤ ਦਾ ਇੱਕ ਹੋਰ ਦੁਸ਼ਮਣ ਪਾਕਿਸਤਾਨ 'ਚ ਖਤਮ, ਮੁੰਬਈ ਅੱਤਵਾਦੀ ਹਮਲੇ ਦੇ ਮਾਸਟਰਮਾਈਂਡ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ

**ਲਾਹੌਰ।** ਮੁੰਬਈ ਅੱਤਵਾਦੀ ਹਮਲਿਆਂ ਦੇ ਮੁੱਖ ਸਾਜ਼ਿਸ਼ਕਾਰਾਂ 'ਚੋਂ ਇਕ ਹਾਫਿਜ਼ ਅਬਦੁਲ ਰਹਿਮਾਨ ਮੱਕੀ ਦੀ ਸ਼ੁੱਕਰਵਾਰ ਨੂੰ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਲਸ਼ਕਰ-ਏ-ਤੋਇਬਾ ਦੇ ਉਪ ਮੁਖੀ ਮੱਕੀ ਲੰਬੇ ਸਮੇਂ ਤੋਂ ਬਿਮਾਰ ਸਨ ਅਤੇ ਉਨ੍ਹਾਂ ਨੂੰ ਲਾਹੌਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਸੀ। ਮੱਕੀ ਜਮਾਤ-ਉਦ-ਦਾਵਾ ਦੇ ਮੁਖੀ ਹਾਫ਼ਿਜ਼ ਸਈਦ ਦਾ ਜੀਜਾ ਵੀ ਸੀ।



ਭਾਰਤ ਸਰਕਾਰ ਨੇ ਮੱਕੀ 'ਤੇ ਕਈ ਅੱਤਵਾਦੀ ਹਮਲਿਆਂ 'ਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਸੀ। 2008 ਦੇ ਮੁੰਬਈ ਹਮਲਿਆਂ ਤੋਂ ਇਲਾਵਾ, ਮੱਕੀ ਦਾ ਲਾਲ ਕਿਲਾ ਹਮਲੇ ਦੀ ਸਾਜ਼ਿਸ਼ ਅਤੇ ਰਾਮਪੁਰ, ਸ਼੍ਰੀਨਗਰ ਅਤੇ ਬਾਰਾਮੂਲਾ ਵਿੱਚ ਹੋਏ ਅੱਤਵਾਦੀ ਹਮਲਿਆਂ ਵਿੱਚ ਵੀ ਸ਼ਾਮਲ ਹੋਣ ਦਾ ਦਾਅਵਾ ਕੀਤਾ ਗਿਆ ਸੀ। ਸੰਯੁਕਤ ਰਾਸ਼ਟਰ ਨੇ 2023 ਵਿੱਚ ਮੱਕੀ ਨੂੰ ਗਲੋਬਲ ਅੱਤਵਾਦੀ ਘੋਸ਼ਿਤ ਕੀਤਾ ਸੀ ਅਤੇ ਪਾਕਿਸਤਾਨ ਤੋਂ ਉਸਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਸੀ। ਹਾਲਾਂਕਿ, ਪਾਕਿਸਤਾਨ ਨੇ ਹਮੇਸ਼ਾ ਮੱਕੀ ਦੀ ਰੱਖਿਆ ਕੀਤੀ।

ਮੱਕੀ ਦੀ ਮੌਤ ਭਾਰਤ ਵਿਚ ਸੁੱਖ ਦਾ ਸਾਹ ਲੈ ਸਕਦੀ ਹੈ ਪਰ ਅੱਤਵਾਦ ਦਾ ਖਤਰਾ ਅਜੇ ਵੀ ਬਰਕਰਾਰ ਹੈ। ਭਾਰਤ ਨੂੰ ਪਾਕਿਸਤਾਨ ਨੂੰ ਅੱਤਵਾਦ ਖਿਲਾਫ ਸਖਤ ਕਾਰਵਾਈ ਕਰਨ ਦੀ ਮੰਗ ਕਰਨੀ ਚਾਹੀਦੀ ਹੈ।

## ਹਥਿਆਰਬੰਦਾਂ ਨਾਲ ਮੁਕਾਬਲੇ 'ਚ ਪੁਲਿਸ ਮੁਲਾਜ਼ਮ ਸਮੇਤ 2 ਜਣੇ ਜ਼ਖ਼ਮੀ



**ਮਨੀਪੁਰ।** ਮਨੀਪੁਰ ਦੇ ਇੰਫਾਲ ਪੂਰਬੀ ਜ਼ਿਲ੍ਹੇ 'ਚ ਸ਼ੁਕਰਵਾਰ ਨੂੰ ਹਥਿਆਰਬੰਦ ਲੋਕਾਂ ਨਾਲ ਮੁਕਾਬਲੇ 'ਚ ਇਕ ਪੁਲਿਸ ਮੁਲਾਜ਼ਮ ਸਮੇਤ ਘੱਟੋ-ਘੱਟ ਦੋ ਲੋਕ ਜ਼ਖਮੀ ਹੋ ਗਏ। ਪੁਲਿਸ ਨੇ ਇਹ ਜਾਣਕਾਰੀ ਦਿਤੀ। ਇਕ ਸੀਨੀਅਰ ਅਧਿਕਾਰੀ ਨੇ ਦਸਿਆ ਕਿ ਪਹਾੜੀਆਂ ਦੇ ਹਥਿਆਰਬੰਦ ਵਿਅਕਤੀਆਂ ਨੇ ਸੁਨਸਾਬੀ ਅਤੇ ਥਮਨਾਪੋਕਪੀ ਪਿੰਡਾਂ ਵਿਚ ਗੋਲੀਬਾਰੀ ਅਤੇ ਗੋਲਾਬਾਰੀ ਸ਼ੁਰੂ ਕਰ ਦਿਤੀ, ਜਿਸ ਦਾ ਸੁਰੱਖਿਆ ਬਲਾਂ ਨੇ ਜਵਾਬ ਦਿਤਾ ਅਤੇ ਗੋਲੀਬਾਰੀ ਮੁਕਾਬਲੇ ਵਿਚ ਬਦਲ ਗਈ। ਸੰਸਾਬੀ ਪਿੰਡ 'ਚ ਗੋਲੀਬਾਰੀ 'ਚ ਦੋ ਵਿਅਕਤੀ ਜ਼ਖਮੀ ਹੋ ਗਏ। ਅਧਿਕਾਰੀ ਨੇ ਦਸਿਆ ਕਿ ਪੁਲਿਸ ਮੁਲਾਜ਼ਮ ਦੀ ਪਛਾਣ ਹਰਿਦਾਸ (37) ਵਜੋਂ ਹੋਈ ਹੈ, ਜਿਸ ਦੇ ਖੱਬੇ ਮੋਢੇ 'ਤੇ ਗੋਲੀ ਲੱਗੀ ਹੈ ਅਤੇ ਉਸ ਨੂੰ ਦੁਪਹਿਰ ਕਰੀਬ 3:30 ਵਜੇ ਜਵਾਹਰ ਲਾਲ ਨਹਿਰੂ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ (ਜੇਐਨਯੂਐਮਐਸ) ਲਿਜਾਇਆ ਗਿਆ। ਹਸਪਤਾਲ ਦੇ ਅਧਿਕਾਰੀਆਂ ਨੇ ਕਿਹਾ ਕਿ ਉਸ ਦੀ ਮਾਮੂਲੀ ਸਰਜਰੀ ਹੋਵੇਗੀ। ਉਨ੍ਹਾਂ ਦਸਿਆ ਕਿ ਮੁਕਾਬਲੇ ਦੌਰਾਨ ਪਿੰਡ ਦੇ ਇਕ ਹੋਰ ਵਲੰਟੀਅਰ ਦੇ ਹੱਥ 'ਤੇ ਮਾਮੂਲੀ ਸੱਟਾਂ ਲੱਗੀਆਂ ਅਤੇ ਉਸ ਨੂੰ ਇਕ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ। ਪਿੰਡ ਦੇ ਵਲੰਟੀਅਰ ਪਹਾੜੀਆਂ ਤੋਂ ਆਏ ਹਥਿਆਰਬੰਦ ਵਿਅਕਤੀਆਂ ਵਿਰੁਧ ਮੁਕਾਬਲੇ 'ਚ ਸੁਰੱਖਿਆ ਬਲਾਂ ਦੇ ਨਾਲ ਸਨ। ਅਧਿਕਾਰੀ ਨੇ ਦਸਿਆ ਕਿ ਪਹਾੜੀਆਂ ਤੋਂ ਆਏ ਹਥਿਆਰਬੰਦ ਲੋਕਾਂ ਨੇ ਸਵੇਰੇ ਕਰੀਬ 10.45 ਵਜੇ ਸੁਨਸਾਬੀ ਪਿੰਡ ਅਤੇ ਆਸ ਪਾਸ ਦੇ ਇਲਾਕਿਆਂ 'ਚ ਅੰਨ੍ਹੇਵਾਹ ਗੋਲੀਬਾਰੀ ਸ਼ੁਰੂ ਕਰ ਦਿਤੀ , ਜਿਸ ਦਾ ਸੁਰੱਖਿਆ ਬਲਾਂ ਨੇ ਜਵਾਬ ਦਿਤਾ।

## ਕੈਨੇਡਾ 'ਚ ਕਤਲ ਕੀਤੇ ਹਰਸ਼ਦੀਪ ਦਾ ਸਸਕਾਰ



**ਅੰਬਾਲਾ** ।ਕੈਨੇਡਾ ਦੇ ਐਡਮੰਟਨ 'ਚ ਗੋਲੀ ਮਾਰ ਕੇ ਕਤਲ ਕੀਤੇ ਅੰਬਾਲਾ ਦੇ ਮਟੇੜੀ ਜੱਟਾਂ ਦੇ ਹਰਸ਼ਦੀਪ ਸਿੰਘ ਪੁੱਤਰ ਕੁਲਵਿੰਦਰ ਸਿੰਘ ਦੀ ਦੇਹ ਦਾ ਅੱਜ ਸਵੇਰੇ ਉਸ ਦੇ ਪਿੰਡ 'ਚ ਸਸਕਾਰ ਕੀਤਾ ਗਿਆ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਜਥੇਦਾਰ ਸੁਖਦੇਵ ਸਿੰਘ ਗੋਬਿੰਦਗੜ੍ਹ ਨੇ ਦੱਸਿਆ ਕਿ ਹਰਸ਼ਦੀਪ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਮਾਪਿਆਂ ਨੇ ਡੇਢ ਸਾਲ ਪਹਿਲਾਂ ਜ਼ਮੀਨ ਵੇਚ ਕੇ ਉਸ ਨੂੰ ਕੈਨੇਡਾ ਪੜ੍ਹਨ ਭੇਜਿਆ ਸੀ। ਉੱਥੇ ਹਰਸ਼ਦੀਪ ਸੁਰੱਖਿਆ ਮੁਲ-ਾਜ਼ਮ ਵਜੋਂ ਡਿਊਟੀ ਕਰਦਾ ਸੀ। ਡਿਊਟੀ ਦੇ ਦੂਜੇ ਹੀ ਦਿਨ ਹਥਿਆਰਬੰਦਾਂ ਨੇ ਉਸ ਨੂੰ ਗੋਲੀ ਮਾਰ ਦਿੱਤੀ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Sham Lal Chander consultant- call number - 07488841161

# ਸ਼ਹੀਦੀ ਪੰਦਰਵਾੜੇ ਦੇ ਸਬੰਧ ‘ਚ ਕਰਵਾਏ ਗਏ ਬੱਚਿਆਂ ਦੇ ਦਸਤਾਰ ਮੁਕਾਬਲੇ

**ਲੈਸਟਰ (ਇੰਗਲੈਂਡ)** (ਸੁਖਜਿੰਦਰ ਸਿੰਘ ਢੱਡੇ)- ਸ਼ਹੀਦੀ ਪੰਦਰਵਾੜੇ ਦੇ ਸਬੰਧ ਚ ਇੰਗਲੈਂਡ ਦੇ ਸ਼ਹਿਰ ਲੈਸਟਰ ਦੇ ਓਡਬੀ ਖੇਤਰ ਦੇ ਗੁਰਦੁਆਰਾ ਸ਼੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਵਿਖੇ ਪੰਜਾਬੀ ਲਿਸਨਰਜ ਕਲੱਬ ਦੇ ਸੰਚਾਲਕ ਤਰਲੋਚਨ ਸਿੰਘ ਵਿਰਕ ਵੱਲੋਂ ਸਾਹਿਬਜ਼ਾਦਿਆਂ ਦੀ ਯਾਦ ਚ ਬੱਚਿਆਂ ਦੇ ਦਸਤਾਰ ਮੁਕਾਬਲੇ ਕਰਵਾਏ ਗਏ। ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਪੁੱਜੇ ਬਰਤਾਨੀਆ ਦੇ ਮਹਾਰਾਜਾ ਪ੍ਰਿੰਸ ਚਾਰਲਸ ਦੇ ਲੈਸਟਰਸਾਇਰ ਦੇ ਨੁਮਾਇੰਦੇ ਪ੍ਰੋ: ਰੋਬਿਟ ਐਲੀਸਨ,ਕੋਸਲਰ ਸੰਤੋਖ ਸਿੰਘ ਅਟਵਾਲ ਸਮੇਤ ਹੋਰ ਪਤਵੰਤਿਆਂ ਵੱਲੋਂ ਜੇਤੂ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਤੇ ਪ੍ਰੋ: ਰੋਬਿਟ ਐਲੀਸਨ ਦੇ ਸਿਰ ਤੇ ਵੀ ਪੱਗ ਸਜਾਈ ਗਈ। ਇਸ ਮੌਕੇ ਤੇ ਹਾਜ਼ਿਰ ਸੰਗਤਾਂ ਨੂੰ ਸੰਬੋਧਨ ਕਰਦਿਆਂ ਪ੍ਰੋ: ਰੋਬਿਟ ਐਲੀਸਨ ਨੇ ਤਰਲੋਚਨ ਸਿੰਘ ਵਿਰਕ ਵੱਲੋਂ ਕੀਤੇ ਗਏ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮੈਂ ਵੀ



ਸਾਹਿਬਜ਼ਾਦਿਆਂ ਦੀ ਯਾਦ ਚ ਕਰਵਾਏ ਗਏ ਦਸਤਾਰ ਮੁਕਾਬਲੇ ਮੌਕੇ ਬੱਚਿਆਂ ਨੂੰ ਸਨਮਾਨਿਤ ਕਰਦੇ ਹੋਏ ਪਤਵੰਤੇ। ਤਸਵੀਰ -: ਸੁਖਜਿੰਦਰ ਸਿੰਘ ਢੱਡੇ

ਸਿਰ ਤੇ ਪੱਗ ਬੰਨ੍ਹ ਕੇ ਬਹੁਤ ਵਧੀਆ ਮਹਿਸੂਸ ਕਰ ਰਿਹਾ ਹਾਂ। ਇਸ ਮੌਕੇ ਤੇ ਓਡਬੀ ਦੇ ਮੇਅਰ ਵੱਲੋਂ ਭੇਜਿਆ ਗਿਆ ਸੰਦੇਸ਼ ਵੀ ਪੜ੍ਹ ਕੇ ਸੁਣਾਇਆ ਗਿਆ। ਤਰਲੋਚਨ ਸਿੰਘ ਵਿਰਕ ਨੇ ਦਸਤਾਰ ਮੁਕਾਬਲੇ ਚ ਸਹਿਯੋਗ ਦੇਣ ਤੇ ਬਰਤਾਨੀਆ ਦੇ ਮੈਂਬਰ ਪਾਰਲੀਮੈਂਟ ਸ ਤਨਮਨਜੀਤ ਸਿੰਘ ਢੇਸੀ ਅਤੇ ਸੁਖਾਂ ਉਦੇਪੁਰੀਆ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਤੇ ਕੋਸਲਰ ਸੰਤੋਖ ਸਿੰਘ ਅਟਵਾਲ, ਬਲਬੀਰ ਸਿੰਘ ਸਰਪੰਚ, ਹਰਜਿੰਦਰ ਸਿੰਘ ਰਾਏ ਪ੍ਰਧਾਨ ਗੁਰਦੁਆਰਾ ਗੁਰੂ ਹਰਕ੍ਰਿਸ਼ਨ ਸਾਹਿਬ, ਅਜੀਤ ਸਿੰਘ ਸੰਧੂ, ਕੁਲਦੀਪ ਸਿੰਘ ਕੂਨਰ ਸਮੇਤ ਬੱਚਿਆਂ ਦੇ ਮਾਪੇ ਹਾਜ਼ਿਰ ਸਨ।

# ਸੋਚਣ ਦੇ ਢੰਗ ਨੂੰ ਵਿਗਿਆਨਕ ਬਣਾਓ: ਮਾਸਟਰ ਪਰਮਵੇਦ

**ਸੰਗਰੂਰ।** ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਨੇ ਅਜ ਸਥਾਨਕ ਆਦਰਸ਼ (ਮਾਡਲ) ਸੀਨੀਅਰ ਸੈਕੰਡਰੀ ਸਕੂਲ ਵਿਖੇ ਲੱਗੇ ਸੱਤ ਰੋਜ਼ਾ ਕੌਮੀ ਸੇਵਾ ਯੋਜਨਾ ਕੈਂਪ ਵਿੱਚ ਮਹਿਮਾਨੀ ਭਾਸ਼ਣ ਦੇਣ ਲਈ ਸ਼ਿਰਕਤ ਕੀਤੀ। ਕੈਂਪ ਕਮਾਂਡਰ ਗੁਰਪ੍ਰੀਤ ਕੌਰ ਨੇ ਤਰਕਸ਼ੀਲ ਆਗੂ ਦਾ ਸਵਾਗਤ ਕਰਦਿਆਂ ਉਨ੍ਹਾਂ ਬਾਰੇ ਜਾਣਕਾਰੀ ਦਿੱਤੀ। ਮਾਸਟਰ ਪਰਮਵੇਦ ਨੇ ਆਪਣੀ ਜਾਣ ਪਛਾਣ ਕਰਾਉਂਦਿਆਂ ਦੱਸਿਆ ਕਿ ਉਹ ਲੋਕਾਂ ਦੀ ਸੋਚ ਨੂੰ ਵਿਗਿਆਨਕ ਲੀਹ ਤੇ ਤੋਰਨ ਵਾਲੀ ਤਰਕਸ਼ੀਲ ਸੁਸਾਇਟੀ ਵਿੱਚ ਕਿਵੇਂ ਆਏ। ਉਨ੍ਹਾਂ ਵਲੰਟੀਅਰਜ਼ ਤੇ ਕੈਂਪ ਆਯੋਜਕਾਂ ਨੂੰ ਆਪਣੇ ਸੰਬੋਧਨ ਵਿੱਚ ਅੰਧਵਿਸ਼ਵਾਸ਼ਾਂ, ਵਹਿਮਾਂ ਭਰਮਾਂ, ਲਾਈਲਗਤਾ ਤੇ ਰੂੜੀਵਾਦੀ ਵਿਚਾਰਾਂ ਦੇ ਹਨੇਰੇ ਵਿਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਵਿੱਚ ਆਉਣ ਦਾ ਭਾਵਪੂਰਤ ਸੁਨੇਹਾ ਦਿੱਤਾ। ਉਨ੍ਹਾਂ ਹਾਜਰੀਨ ਨੂੰ ਹਿੰਮਤ, ਲਗਨ,ਲਗਾਤਾਰਤਾ ਦੇ ਨਾਲ ਕੀ,ਕਿਉਂ ਕਿਵੇਂ ਆਦਿ ਗੁਣ ਜਿਹੜੇ




ਸਮਾਜਿਕ ਤੇ ਕੁਦਰਤੀ ਵਰਤਾਰਿਆਂ ਦੀ ਸਚਾਈ ਦੀ ਤਹਿ ਤੱਕ ਜਾਣ ਲਈ ਜਰੂਰੀ ਹੁੰਦੇ ਹਨ, ਅਪਨਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸਾਡੇ ਸਾਰਿਆਂ ਲਈ ਜ਼ਿੰਦਗੀ ਜਿਊਣ ਦਾ ਆਦਰਸ਼ ਹੋਣਾ ਚਾਹੀਦਾ ਹੈ , ਸੁਪਨੇ ਲੈ ਕੇ ਉਨ੍ਹਾਂ ਨੂੰ ਪੂਰੀ ਕਰਨ ਦੀ ਤਾਂਘ ਹੋਣੀ ਚਾਹੀਦੀ ਹੈ। ਉਨ੍ਹਾਂ ਬਹੁਤ ਸਾਰੇ ਮਨੋਕਲਪਿਤ ਭੂਤਾਂ, ਪ੍ਰੇਤਾਂ,ਜਿੰਨ,ਚੁੜੇਲਾਂ ਦੇ ਸਤਾਏ ਪੀੜਿਤ ਪਰਿਵਾਰਾਂ ਨੂੰ ਨਿਜ਼ਾਤ ਦਵਾਉਣ ਦੇ ਕੇਸਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਜੋਤਿਸ਼ ਤੇ ਵਾਸਤੂ ਸ਼ਾਸਤਰ ਗੈਰ ਵਿਗਿਆਨਕ ਹਨ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਧਾਰਮਿਕ ਲੋਕ ਰਿਸ਼ਵਤਖੋਰ ਹਨ। ਉਨ੍ਹਾਂ ਕਿਹਾ ਕਿ ਵਿਗਿਆਨਕ ਵਿਚਾਰਾਂ ਦਾ ਧਾਰਨੀ ਮਨੁੱਖ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿੰਦਾ ਹੈ ਤੇ ਦ੍ਰਿੜ੍ਹ ਇਰਾਦਾ ਰੱਖਦਾ ਹੈ, ਅੰਧਵਿਸ਼ਵਾਸੀ ਵਿਅਕਤੀ ਲਾਈਲੱਗ ਤੇ ਕਿਸਮਤਵਾਦੀ ਹੋਣ ਕਰਕੇ ਕਮਜ਼ੋਰ ਮਾਨਸਿਕਤਾ ਦਾ ਮਾਲਕ ਹੁੰਦਾ ਹੈ।

ਆਯੋਜਕਾਂ ਵੱਲੋਂ ਮਾਸਟਰ ਪਰਮਵੇਦ ਨੂੰ ਸਨਮਾਨਿਤ ਵੀ ਕੀਤਾ ਗਿਆ। ਸਕੂਲ ਪ੍ਰਿੰਸੀਪਲ ਜੋਗਾ ਸਿੰਘ ਨੇ ਉਨ੍ਹਾਂ ਦਾ ਧੰਨਵਾਦ ਕਰਦਿਆਂ ਹਾਜ਼ਰੀਨ ਨੂੰ ਵਿਗਿਆਨਕ ਸੋਚ ਦੇ ਧਾਰਨੀ ਹੋਣ ਦਾ ਹੋਕਾ ਦਿੰਦਾ। ਉਪਰੋਕਤ ਤੋਂ ਇਲਾਵਾ ਇਸ ਸਮਾਗਮ ਵਿੱਚ ਸਹਾਇਕ ਕੈਂਪ ਕਮਾਂਡਰ ਕੁਲਵੀਰ ਸਿੰਘ, ਲੈਕਚਰਾਰ ਮੇਵਾ ਸਿੰਘ,ਮੈਡਮ ਸ਼ੁਭਲਤਾ, ਗੁਰਵੀਰ ਸਿੰਘ ਨੇ ਸ਼ਮੂਲੀਅਤ ਕੀਤੀ। ਵਿਗਿਆਨ ਦੀ ਬਾਰਵੀਂ ਜਮਾਤ ਦੀ ਵਿਦਿਆਰਥਣ ਦਿਲਪ੍ਰੀਤ ਕੌਰ ਨੇ ਸਟੇਜ ਸੰਚਾਲਨ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ।

**ਬਲਦੇਵ ਸਿੰਘ ਬੇਦੀ**

# ਡਾ. ਮਨਮੋਹਨ ਸਿੰਘ ਜੀ ਦਾ ਜਾਣਾ ਸਾਡੇ ਲਈ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ – ਅੰਮ੍ਰਿਤਪਾਲ ਭੌਂਸਲੇ

**ਫਿਲੌਰ/ਅੱਪਰਾ (ਦੀਪਾ)**–ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵਲੋਂ ਹਲਕਾ ਆਦਮਪੁਰ ਦੇ ਕੋਆਰਡੀਨੇਟਰ ਅੰਮ੍ਰਿਤਪਾਲ ਭੌਂਸਲੇ ਫਿਲੌਰ ਨੇ ਇਕ ਪ੍ਰੈੱਸ ਨੋਟ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਸ. ਮਨਮੋਹਨ ਸਿੰਘ ਦੇ ਅਕਾਲ ਚਲਾਣੇ ਕਰ ਜਾਣ ਤੇ ਗਹਿਰੇ ਦੁੱਖ ਪ੍ਰਗਟਾਵਾ ਕਰਦਿਆਂ ਕਿਹਾ ਕਿ ਡਾ. ਮਨਮੋਹਨ ਸਿੰਘ ਜੀ ਦਾ ਜਾਣਾ ਸਾਡੇ ਲਈ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ। ਉਨ੍ਹਾਂ ਅੱਗੇ ਕਿਹਾ ਕਿ ਉਨ੍ਹਾਂ ਦੀ ਮਹਾਨ ਸ਼ਖ਼ਸੀਅਤ ਦੇ ਗੁਣ ਹਮੇਸ਼ਾ ਸਾਡੇ ਲਈ ਪ੍ਰੇਰਨਾ ਦਾ ਸ੍ਰੋਤ ਸਨ ਅਤੇ ਹਮੇਸ਼ਾ ਰਹਿਣਗੇ। ਦੇਸ਼ ਨੂੰ ਤਰੱਕੀ ਦੀਆਂ ਰਾਹਾਂ ‘ਤੇ ਪਾਉਣ ਲਈ ਉਨ੍ਹਾਂ ਵੱਲੋਂ ਦਿੱਤੇ ਗਏ ਯੋਗਦਾਨ ਨੂੰ ਕਦੇ ਨਹੀਂ ਭੁਲਾਇਆ ਜਾ ਸਕੇਗਾ। ਉਹ ਮਹਾਨ ਅਰਥ ਸ਼ਾਸਤਰੀ ਤੇ ਸਾਡੇ ਮਾਰਗਦਰਸ਼ਕ ਸਨ ਪ੍ਰਮਾਤਮਾ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ।



for more news visit:
www.samajweekly.com

The Samaj Weekly and people associated with it are not responsible for any claims made by the advisers and don’t endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਭਾਰੀ ਮੀਂਹ ਦੇ ਵਿੱਚ ਵੀ ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਫਤਿਹਗੜ੍ਹ ਸਾਹਿਬ ਪੁੱਜੀਆਂ

**ਬਲਬੀਰ ਸਿੰਘ ਬੱਬੀ**

ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਹਰ ਸਾਲ ਹੀ ਦਸੰਬਰ ਦੇ ਅਖੀਰਲੇ ਦਿਨਾਂ ਵਿੱਚ ਸ਼ਹੀਦੀ ਦਿਹਾੜੇ ਮਨਾਏ ਜਾਂਦੇ ਹਨ। 25 ਦਸੰਬਰ ਤੋਂ ਸ਼ੁਰੂ ਹੋਏ ਅਖੰਡ ਪਾਠ ਦੇ ਭੋਗ 27 ਦਸੰਬਰ ਨੂੰ ਪਏ ਤੇ ਇਸ ਦਿਨ ਹੀ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਂਦਾ ਹੈ। ਨਗਰ ਕੀਰਤਨ ਗੁਰਦੁਆਰਾ ਫਤਿਹਗੜ੍ਹ ਸਾਹਿਬ ਤੋਂ ਸ਼ੁਰੂ ਹੋ ਕੇ ਜੋਤੀ ਸਰੂਪ ਤੱਕ ਪਹੁੰਚਦਾ ਹੈ ਤੇ ਉਸ ਤੋਂ ਬਾਅਦ ਇਸ ਨਗਰ ਕੀਰਤਨ ਦੀ ਸਮਾਪਤੀ ਹੁੰਦੀ ਹੈ। ਅੱਜ ਨਗਰ ਕੀਰਤਨ ਨੌ ਕੁ ਵਜੇ ਦੇ ਦਰਮਿਆਨ ਸ਼ੁਰੂ ਹੋਇਆ ਤੇ ਅਚਾਨਕ ਹੀ ਉਸ ਵੇਲੇ ਮੌਸਮ ਦਾ ਮਿਜ਼ਾਜ ਬਦਲ ਗਿਆ। ਇਕਦਮ ਹੀ ਮੀਂਹ ਪੈਣਾ ਸ਼ੁਰੂ ਹੋ ਗਿਆ, ਇੱਕਦਮ ਆਏ ਮੀਂਹ ਨੇ ਸਾਰੇ ਧਾਰਮਿਕ ਪ੍ਰੋਗਰਾਮਾਂ ਵਿੱਚ ਵਿਘਨ ਪਾ ਦਿੱਤਾ।



ਪੰਜਾਬ ਤੋਂ ਇਲਾਵਾ ਦੂਰ ਦੁਰਾਡੇ ਤੇ ਦੇਸ਼ਾਂ ਵਿਦੇਸ਼ਾਂ ਵਿੱਚੋਂ ਵੀ ਇਸ ਦਿਨ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਸੰਗਤਾਂ ਫਤਿਹਗੜ੍ਹ ਸਾਹਿਬ ਦੇ ਵਿੱਚ ਕਈ ਦਿਨ ਪਹਿਲਾਂ ਪੁੱਜਣਾ ਸ਼ੁਰੂ ਹੋ ਜਾਂਦੀ ਹੈ। ਫਤਿਹਗੜ੍ਹ ਸਾਹਿਬ ਨੂੰ ਆਉਣ ਜਾਣ ਵਾਲੇ ਰਸਤਿਆਂ ਦੇ ਵਿੱਚ ਪਿੰਡਾਂ ਵਾਲਿਆਂ ਵੱਲੋਂ ਲੰਗਰਾਂ ਦੀ ਸੇਵਾ ਵੀ ਕੀਤੀ ਜਾਂਦੀ ਹੈ। ਅੱਜ 27 ਤਰੀਕ ਦੇ ਵਾਲੇ ਦਿਨ ਹੋਣ ਕਾਰਨ ਸੰਗਤ ਵੱਡੀ ਗਿਣਤੀ ਵਿੱਚ ਪੁੱਜੀ। ਬੇਸ਼ੱਕ ਨਗਰ ਕੀਰਤਨ ਮੌਕੇ ਮੀਹ ਆ ਗਿਆ ਪਰ ਸੰਗਤ ਮੀਹ ਤੇ ਠੰਡ ਦੀ ਪਰਵਾਹ ਕੀਤੇ ਬਿਨਾਂ ਹੀ ਵੱਡੀ ਗਿਣਤੀ ਦੇ ਵਿੱਚ ਇਸ ਨਗਰ ਕੀਰਤਨ ਵਿੱਚ ਸ਼ਾਮਿਲ ਹੋਈ ਉਸ ਤੋਂ ਬਾਅਦ ਸਾਰੀ ਦਿਹਾੜੀ ਰੁਕ ਰੁਕ ਕੇ ਮੀਹੂ ਪੈਂਦਾ ਰਿਹਾ ਜਿਸ ਨਾਲ ਚਲ ਰਹੇ ਲੰਗਰਾਂ ਵਾਲੇ ਥਾਵਾਂ ਉੱਪਰ ਵੀ ਪਾਣੀ ਭਰ ਗਿਆ ਤੇ ਜੋ ਦੁਕਾਨਾਂ ਆਦਿ ਲੱਗੀਆਂ ਸਨ ਉੱਪਰ ਵੀ ਮੀਂਹ ਵਰਸਣ ਕਾਰਨ ਸਭ ਕੁਝ ਉਥਲ ਪੁੱਥਲ ਹੋ ਗਿਆ ਪਰ ਫਿਰ ਵੀ ਸੰਗਤ ਫਤਿਹਗੜ੍ਹ ਸਾਹਿਬ ਦੇ ਇਤਿਹਾਸਕ ਗੁਰਦੁਆਰਿਆਂ ਵਿੱਚ ਨਤਮ-ਸਤਕ ਹੁੰਦੀ ਹੋਈ ਦਰਸ਼ਨ ਦੀਦਾਰੇ ਕਰਦੀ ਰਹੀ।

## ਡਾ . ਬੀ .ਆਰ . ਅੰਬੇਡਕਰ ਸੋਸ਼ਲ ਵੈਲਫ਼ੇਅਰ ਸੁਸਾਇਟੀ ਐਨ. ਆਰ. ਆਈ . ਇਟਲੀ ਵਲੋਂ ਪਰਮਜੀਤ ਸਿੰਘ ਦੁਸਾਂਝ ਨੂੰ ਕੀਤਾ ਸਨਮਾਨਿਤ



**ਪਰਮਜੀਤ ਸਿੰਘ ਦੁਸਾਂਝ ਨੂੰ ਸਨਮਾਨਿਤ ਕਰਦੇ ਹੋਏ ਜਸਪਾਲ ਦੁਸਾਂਝ, ਸੁਰਜੀਤ ਰਾਮ, ਬਲਵੀਰ ਰਾਮ, ਸੁਰਿੰਦਰ ਪਾਲ ਕੁੱਕੂ, ਸੂਬਾ ਪ੍ਰਧਾਨ ਰਾਮ ਪ੍ਰਕਾਸ਼ ਟੋਨੀ ।**

**ਦੁਸਾਂਝ ਕਲਾਂ ( ਰਾਮ ਪ੍ਰਕਾਸ਼ ਟੋਨੀ )** ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਮਾਤਾ ਕਲਸਾਂ ਦਰਵਾਜ਼ਾ ਅੰਦਰਲੀ ਬੱਸਤੀ ਪਿੰਡ ਦੁਸਾਂਝ ਕਲਾਂ ਵਿਖੇ ਪਰਮਜੀਤ ਸਿੰਘ ਦੁਸਾਂਝ ਵਲੋਂ ਆਪਣੇ ਬੱਚਿਆਂ ਦੀ ਸੁਖ ਸ਼ਾਂਤੀ ਲਈ ਗੁਰਦੁਆਰਾ ਸਹਿਬ ਵਿਖੇ ਸੁਖਮਨੀ ਸਹਿਬ ਜੀ ਦੇ ਭੋਗ ਪਾਏ ਗਏ। ਇਸ ਮੌਕੇ ਭਾਈ ਜਸਪਾਲ ਸਿੰਘ ਦੁਸਾਂਝ ਅਤੇ ਸਾਥੀਆਂ ਵਲੋਂ ਰਸ ਭਿੰਨਾ ਕੀਰਤਨ ਕਰਕੇ ਆਪਣੀ ਹਾਜ਼ਰੀ ਲੁਆਈ। ਇਸ ਸਮੇਂ ਡਾ . ਬੀ . ਆਰ . ਅੰਬੇਡਕਰ ਸੋਸ਼ਲ ਵੈਲਫ਼ੇਅਰ ਸੁਸਾਇਟੀ ਐਨ . ਆਰ. ਆਈਜ਼ ਇਟਲੀ ਅਤੇ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਮਾਤਾ ਕਲਸਾਂ ਦਰਵਾਜ਼ਾ ਅੰਦਰਲੀ ਬਸਤੀ ਦੀ ਪ੍ਰਬੰਧ ਕਮੇਟੀ ਪਿੰਡ ਦੁਸਾਂਝ ਕਲਾਂ ਵਲੋਂ ਪਰਮਜੀਤ ਸਿੰਘ ਦੁਸਾਂਝ ਨੂੰ ਇਕ ਸਨਮਾਨ ਚਿੰਨ੍ਹ ਅਤੇ ਸਿਰਪਾਉ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪਰਮਜੀਤ ਸਿੰਘ ਦੁਸਾਂਝ ਨੂੰ ਦੋਵੇਂ ਸੰਸਥਾਵਾਂ ਦਾ ਧੰਨਵਾਦ ਕੀਤਾ। ਇਸ ਸਮੇਂ ਪ੍ਰਧਾਨ ਪਰਮਜੀਤ ਰਾਮ ਪੱਪੂ, ਸੁਰਜੀਤ ਰਾਮ , ਤਿਲਕ ਰਾਜ ਨੀਟਾ ਦੁਸਾਂਝ, ਬਲਵੀਰ ਰਾਮ, ਜਸਪਾਲ ਦੁਸਾਂਝ, ਸੱਤੂ, ਸੁਰਿੰਦਰ ਪਾਲ ਕੁੱਕੂ , ਸੂਬਾ ਪ੍ਰਧਾਨ ਰਾਮ ਪ੍ਰਕਾਸ਼ ਟੋਨੀ , ਸਤਪਾਲ, ਮੱਖਣ ਸਿੰਘ ਪਾਠੀ ਆਦਿ ਹਾਜ਼ਰ ਸਨ।

# ਆਕਸਫੋਰਡ ਸ਼ਾਈਨ ਇੰਟਰਨੈਸ਼ਨਲ ਸਕੂਲ ਅੱਪਰਾ ਵਿਖੇ ਮਾਤਾ ਗੁਜਰ ਕੌਰ ਤੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਆਯੋਜਿਤ

**ਫਿਲੌਰ/ਅੱਪਰਾ (ਦੀਪਾ)**-ਸਥਾਨਕ ਆਕਸਫੋਰਡ ਸ਼ਾਈਨ ਇੰਟਰਨੈਸ਼ਨਲ ਸਕੂਲ ਅੱਪਰਾ ਵਿਖੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਗੁਜਰ ਕੌਰ ਤੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਅਦਾਰੇ ਦੇ ਪ੍ਰਿੰਸੀਪਲ ਕੁਰਨੇਸ਼ ਨੰਦਾ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ । ਇਸ ਮੌਕੇ ਬੋਲਦਿਆਂ ਪ੍ਰਿੰਸੀਪਲ ਕੁਰਨੇਸ਼ ਨੰਦਾ ਨੇ ਕਿਹਾ ਕਿ ਆਕਸਫੋਰਡ ਸ਼ਾਈਨ ਇੰਟਰਨੈਸ਼ਨਲ ਸਕੂਲ ਅੱਪਰਾ ਵਿਖੇ ਮਾਤਾ ਗੁਜਰ ਕੌਰ ਤੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਾਡੇ ਇਤਿਹਾਸ 'ਚ ਦਰਜ ਹੈ, ਜਿਸ ਤੋਂ ਵਿਦਿਆਰਥੀਆਂ ਨੂੰ ਸੇਧ ਲੈਣੀ ਚਾਹੀਦੀ ਹੈ



ਤੇ ਉਨਾਂ ਦੇ ਜੀਵਨ ਤੇ ਸ਼ਹਾਦਤ ਬਾਰੇ ਜਾਨਣਾ ਚਾਹੀਦਾ ਹੈ । ਇਸ ਮੌਕੇ ਬੋਲਦਿਆਂ ਸਕੂਲ ਦੇ ਐੱਮ. ਡੀ ਸ੍ਰੀ ਸੰਦੀਪ ਰਾਣਾ ਨੇ ਕਿਹਾ ਕਿ ਮਾਤਾ ਗੁਜਰ ਕੌਰ ਤੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ । ਇਸ ਮੌਕੇ ਵਿਦਿਆਰਥੀਆਂ ਨੇ ਉਨਾਂ ਦੀ ਸ਼ਹਾਦਤ ਦੇ ਨਾਲ ਸੰਬੰਧਿਤ ਭਾਸ਼ਣ ਤੇ ਕਵਿਤਾਵਾਂ ਵੀ ਪੇਸ਼ ਕੀਤੀਆਂ । ਇਸ ਮੌਕੇ ਮੈਡਮ ਸ੍ਰੀਮਤੀ ਅਮਨਦੀਪ ਕੌਰ, ਪ੍ਰਭਜੋਤ, ਜੋਤੀ, ਜੈਸਮੀਨ, ਪਰਮਜੀਤ ਕੌਰ, ਸੋਨੀਆ, ਦਲਜਿੰਦਰ ਕੌਰ, ਮਨਪ੍ਰੀਤ ਕੌਰ ਤੇ ਸਮੂਹ ਵਿਦਿਆਰਥੀ ਹਾਜ਼ਰ ਸਨ ।

## 30 ਦੇ ਪੰਜਾਬ ਬੰਦ ਨੂੰ ਸਫ਼ਲ ਬਣਾਉਣ ਨਾਲ ਗੂੰਗੀ ਬੋਲੀ ਸਰਕਾਰ ਦੇ ਕੰਨਾਂ ਤੱਕ ਆਵਾਜ਼ ਪਹੁੰਚਾਈ ਜਾ ਸਕਦੀ ਹੈ - ਸਰਦੂਲ ਸਿੰਘ ਥਿੰਦ

**ਕਪੂਰਥਲਾ (ਕੌੜਾ)** ਲੋਕ ਇਨਸਾਨੀਅਤ ਵਿਕਾਸ ਪਾਰਟੀ ਦੇ ਪ੍ਰਧਾਨ ਸਰਦੂਲ ਸਿੰਘ ਥਿੰਦ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਸਾਨੀ ਮੰਗਾਂ ਤੇ ਮਸਲਿਆਂ ਨੂੰ ਹੱਲ ਕਰਵਾਉਣ ਲਈ ਭੁੱਖ ਹੜਤਾਲ ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਪ੍ਰਤੀ ਗੰਭੀਰ ਚਿੰਤਾ ਪ੍ਰਗਟ ਕੀਤੀ ਅਤੇ ਕੇਂਦਰ ਸਰਕਾਰ ਦੇ ਤਾਨਾਸ਼ਾਹੀ ਅਤੇ ਗੈਰ ਮਨੁੱਖੀ ਰਵਈਏ ਦੀ ਘੋਰ ਨਿੰਦਾ ਕੀਤੀ। ਸਰਦੂਲ ਸਿੰਘ ਥਿੰਦ ਨੇ ਕਿਹਾ ਕਿ ਕੇਂਦਰ ਸਰਕਾਰ ਸ਼ਰੇਆਮ ਦੇਸੀ ਵਿਦੇਸ਼ੀ ਪੂੰਜੀਪਤੀਆਂ ਤੇ ਲੁਟੇਰੀਆਂ ਕਾਰਪੋਰੇਸ਼ਨਾਂ ਦੀ ਸੇਵਾ ਵਿੱਚ ਲੱਗੀ ਹੋਈ ਹੈ ਜਦਕਿ ਦੇਸ਼ ਦੇ ਕਿਸਾਨਾਂ, ਮਜ਼ਦੂਰਾਂ, ਕਰਮਚਾਰੀਆਂ, ਨੌਜਵਾਨਾਂ, ਔਰਤਾਂ, ਦਲਿਤਾਂ ਅਤੇ ਹੱਕ ਮੰਗਦੇ ਲੋਕਾਂ ਨੂੰ ਅਤੇ ਉਹਨਾਂ ਦੇ ਸੰਘਰਸ਼ਾਂ ਨੂੰ ਬੇਰੁਖੀ ਨਾਲ ਨਜਰ ਅੰਦਾਜ਼ ਕਰ ਰਹੀ ਹੈ ਅਤੇ ਉਨ੍ਹਾਂ ਪ੍ਰਤੀ ਤਾਨਾਸ਼ਾਹੀ ਵਾਲਾ ਰਵੱਈਆ ਅਪਣਾ ਰਹੀ ਹੈ। ਉਨ੍ਹਾਂ ਆਖਿਆ ਕਿ ਪਿਛਲੇ ਲੰਬੇ ਸਮੇਂ ਤੋਂ ਸੰਘਰਸ਼ਸ਼ੀਲ ਕਿਸਾਨਾਂ ਦੇ ਅੰਦੋਲਨ ਨੂੰ ਅਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਨੂੰ ਅਣਡਿੱਠ ਕਰਨਾ ਕੇਂਦਰ ਸਰਕਾਰ ਨੂੰ ਮਹਿੰਗਾ ਪੈ ਸਕਦਾ ਹੈ। ਉਹਨਾਂ ਆਖਿਆ ਕਿ ਬੇਹਦ ਅਫ਼ਸੋਸ ਦੀ ਗੱਲ ਹੈ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੀ ਇਸ ਮਸਲੇ ਤੇ ਤਮਾਸ਼ਬੀਨ ਬਣੀ ਹੋਈ ਹੈ।



ਸਰਦੂਲ ਸਿੰਘ ਥਿੰਦ ਨੇ ਕਿਹਾ ਕਿ ਲੋਕ ਇਨਸਾਨੀਅਤ ਵਿਕਾਸ ਪਾਰਟੀ ਸੰਯੁਕਤ ਕਿਸਾਨ ਮੋਰਚਾ ਗੈਰ ਸਿਆਸੀ ਤੇ ਹਮ ਖਿਆਲੀ ਕਿਸਾਨ ਜਥੇਬੰਦੀਆਂ ਦੇ 30 ਦਸੰਬਰ ਨੂੰ ਪੰਜਾਬ ਬੰਦ ਨੂੰ ਸਫ਼ਲ ਬਣਾਉਣ ਲਈ ਹਰ ਸੰਭਵ ਯਤਨ ਕਰੇਗੀ। ਉਹਨਾਂ ਸਾਰੇ ਲੋਕਾਂ ਨੂੰ ਇਸ ਬੰਦ ਨੂੰ ਸਫ਼ਲ ਬਣਾਉਣ ਦੀ ਅਪੀਲ ਕਰਦਿਆਂ ਆਖਿਆ ਕਿ ਇਸ ਬੰਦ ਨੂੰ ਸਫ਼ਲ ਬਣਾਉਣ ਨਾਲ ਗੂੰਗੀ ਬੋਲੀਂ ਸਰਕਾਰ ਦੇ ਕੰਨਾਂ ਤੱਕ ਆਵਾਜ਼ ਪਹੁੰਚਾਈ ਜਾ ਸਕਦੀ ਹੈ।

# ਅੰਗਹੀਣ ਵਿਅਕਤੀਆਂ ਦੇ ਬੈਟਰੀ ਵਾਲੇ ਹੱਥ ਲਗਾਉਣ ਦਾ ਕੈਂਪ ਲਗਾਇਆ ਗਿਆ







**ਭੀਖੀ ( ਕਮਲ ਜਿੰਦਲ)** ਬਿੱਗ ਹੋਪ ਫਾਊਡੇਸ਼ਨ ਬਰੇਟਾ, ਇੱਕ ਸੋਚ ਸੰਸਥਾ ਵੱਲੋ ਇਨਾਲੀ ਫਾਊਡੇਸ਼ਨ ਪੁਣੇ ਮਹਾਰਾਸ਼ਟਰ ਦੀ ਸਹਾਇਤਾ ਨਾਲ ਸ਼ਿਵ ਮੰਦਿਰ ਭੀਖੀ ਵਿਖੇ ਅੰਗਹੀਣ ਵਿਅਕਤੀਆਂ ਦੇ ਬੈਟਰੀ ਵਾਲੇ ਹੱਥ ਲਗਾਉਣ ਦਾ ਕੈਂਪ ਲਗਾਇਆ ਗਿਆ। ਬਿੱਗ ਹੋਪ ਫਾਊਡੇਸ਼ਨ ਦੇ ਪ੍ਰਧਾਨ ਮਨਿੰਦਰ ਕੁਮਾਰ ਅਤੇ ਇਕ ਸੋਚ ਸੰਸਥਾ ਤੋਂ ਚੁਸਪਿੰਦਰਬੀਰ ਸਿੰਘ ਚਹਿਲ ਨੇ ਕਿਹਾ ਕਿ ਅੰਗਹੀਨ ਵਿਅਕਤੀਆਂ ਨੂੰ ਇਨਾ ਬੈਟਰੀ ਵਾਲੇ ਹੱਥਾਂ ਨਾਲ ਆਪਣਾ ਜੀਵਨ ਬਿਤਾਉਣ ਵਿੱਚ ਕਾਫੀ ਮਦਦ ਮਿਲੇਗੀ ਸੰਸਥਾਵਾਂ ਵੱਲੋਂ ਕੀਤੇ ਗਏ ਇਹ ਵੱਡੇ ਉਪਰਾਲੇ ਬਹੁਤ ਹੀ ਸ਼ਲਾਘਾਯੋਗ ਹਨ । ਕਿਉਂਕਿ ਇਹੋ ਜਿਹੇ ਉਪਰਾਲਿਆਂ ਨਾਲ ਅੰਗਹੀਣ ਵਿਅਕਤੀ ਆਪਣੇ ਜੀਵਨ ਨੂੰ ਬਿਤਾਉਣ ਵਿੱਚ ਕਾਫੀ ਆਸਾਨੀ ਮਹਿਸੂਸ ਕਰਦੇ ਹਨ ਉਹਨਾਂ ਕਿਹਾ ਕਿ ਕੁਦਰਤ ਦੀ ਘਾਟ ਨੂੰ ਪੂਰਾ ਤਾਂ ਨਹੀਂ ਕੀਤਾ ਜਾ ਸਕਦਾ ਪਰੰਤੂ ਫਿਰ ਵੀ ਇਨਾ ਨਵੀਂ ਤਕਨੀਕ ਦੇ ਨਾਲ ਕੁਝ ਹੱਦ ਤੱਕ ਇਹ ਬਨਾਵਟੀ ਅੰਗਾਂ ਨਾਲ ਅੰਗਹੀਨ ਵਿਅਕਤੀਆਂ ਦਾ ਜੀਵਨ ਸਰਲ ਹੋ ਜਾਂਦਾ ਹੈ ਉਹਨਾਂ ਕਿਹਾ ਕਿ ਦੇਸ਼ ਅੰਦਰ ਇਹ ਜਿਹੀਆਂ ਸੰਸਥਾਵਾਂ ਦੇ ਕਾਰਨ ਹੀ ਜ਼ਿੰਦਗੀ ਵਿੱਚ ਨਿਰਾਸ਼ ਵਿਅਕਤੀਆਂ ਦੇ ਜੀਵਨ ਨੂੰ ਇਕ ਨਵੀ ਊਰਜਾ ਮਿਲ ਜਾਂਦੀ ਹੈ। ਇਸ ਕੈਂਪ ਦੌਰਾਨ 100 ਦੇ ਕਰੀਬ ਅੰਗਹੀਨ ਵਿਅਕਤੀ ਦੇ ਅੰਗ ਲਗਾਏ ਗਏ। ਇਸ ਮੌਕੇ ਹੋਪ ਫਾਊਡੇਸ਼ਨ ਦੇ ਮੈਂਬਰ ਰਣਜੀਤ ਸਿੰਘ, ਬਖਸ਼ਿੰਦਰ ਸਿੰਘ, ਬੰਟੀ, ਕੁਲਵਿੰਦਰ ਸਿੰਘ, ਰਾਜਵਿੰਦਰ ਸਿੰਘ, ਜੋਗਿੰਦਰ ਸਿੰਘ ਕਮਲ, ਸ਼ੰਕਰ ਕੁਮਾਰ, ਪਾਠਕ ਅਤੇ ਸੁਰਿੰਦਰ ਹੀਰੋ ,ਬਲਰਾਜ ਕੁਮਾਰ, ਸਿਕੰਦਰ ਬਲਾਕ ਪ੍ਰਧਾਨ, ਕੁਲਵੰਤ ਸਿੰਘ, ਪੱਪੀ ਐਮਸੀ ,ਪ੍ਰੇਮ ਕੁਮਾਰ ਐਮ ਸੀ, ਡਾਂ ਅਰੁਣ ਕੁਮਾਰ, ਸੈਂਟੂ ਮੈਂਬਰ ,ਲਾਡੀ ਭੀਖੀ ,ਸੇਵਕ ਭੀਖੀ, ਸਤਪਾਲ ਮੱਤੀ, ਗੁਰਤੇਜ ਸਮਾਓ, ਲੱਖਾ ਸਮਾਓ, ਸੇਵਕ ਭੀਖੀ ਤੋਂ ਇਲਾਵਾ ਵੱਡੀ ਗਿਣਤੀ ਵਿਚ ਅੰਗਹੀਣ ਵਿਅਕਤੀ ਹਾਜ਼ਰ ਸਨ।

# ਸਮੂੰਹ ਸ਼ਹੀਦਾਂ ਦੇ ਦਿਹਾੜੇ ਰਲ ਮਿਲ ਕੇ ਮਨਾਉਣੇ ਚਾਹੀਦੇ ਹਨ



**ਜਲੰਧਰ (ਚਰਨਜੀਤ ਸੱਲ੍ਹਾ )** ਜਲੰਧਰ (ਰੰਘਰੇਟਾ ਸੰਸਾਰ) ਅੱਜ ਪਿੰਡ ਬਰਸਾਲਾਂ ਨੇੜੇ ਉਧੋਪੁਰ (ਜਲੰਧਰ )ਵਿਖੇ ਸ਼ਹਾਦਤ -ਏ -ਸਫ਼ਰ ਤਹਿਤ ਸਮੂੰਹ ਸ਼ਹੀਦਾਂ ਨੂੰ ਸਮਰਪਿਤ ਸੜਕ 'ਤੇ ਸੰਗਤਾਂ ਵਲੋਂ ਦੁੱਧ ਦੇ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਜਾਗੀਰ ਸਿੰਘ, ਸੂਬੇਦਾਰ ਅਮਰਜੀਤ ਸਿੰਘ, ਅਮਨਦੀਪ ਸਿੰਘ, ਗੁਰਮੁਖ ਸਿੰਘ ਬੁੱਢਾ ਦਲ, ਹਰਪ੍ਰੀਤ ਸਿੰਘ ਹੈਪੀ, ਧਰਮਿੰਦਰ ਸਿੰਘ, ਬਲਵੀਰ ਸਿੰਘ ਸਰਪੰਚ, ਸਤਨਾਮ ਸਿੰਘ, ਇਕਬਾਲ ਸਿੰਘ, ਬੀਬੀ ਸੁਰਿੰਦਰ ਕੌਰ, ਮਨਜੀਤ ਕੌਰ ਤੇ ਰੇਖਾ ਰਾਣੀ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਸ.ਮਨਵੀਰ ਸਿੰਘ ਐਡਵੋਕੇਟ ਸ਼ੇਰਗਿੱਲ (,ਆਲ ਇੰਡੀਆ ਮਜ਼੍ਹਬੀ ਸਿੱਖ ਵੈਲਫੇਅਰ ਐਸੋਸੀਏਸ਼ਨ) ਦੇ ਸਹਿਯੋਗ ਨਾਲ ਇਸ ਮੌਕੇ ਸ.ਮਨਵੀਰ ਸਿੰਘ ਸ਼ੇਰਗਿੱਲ ਵਲੋਂ ਬਾਬਾ ਜੀਵਨ ਸਿੰਘ ਜੀ ਦੇ ਜੀਵਨ ਸਬੰਧੀ ਸੰਗਤਾਂ ਨੂੰ ਜਾਣੂ ਕਰਵਾਇਆ ਤੇ ਸੇਵਾਦਾਰਾਂ ਨੂੰ ਬਾਬਾ ਜੀਵਨ ਸਿੰਘ ਜੀ ਦਾ ਸਰੂਪ ਤੇ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਸੰਗਤਾਂ ਵਲੋਂ ਪ੍ਰਣ ਲਿਆ ਗਿਆ ਕਿ ਸ਼ਹੀਦਾਂ ਦੇ ਦਿਹਾੜੇ ਸਾਰੇ ਭਾਈਚਾਰਿਆਂ ਨੂੰ ਰਲ ਮਿਲ ਕੇ ਮਨਾਉਣੇ ਚਾਹੀਦੇ ਹਨ।

for more news visit:
www.samajweekly.com

# ਕਿਤਾਬਾਂ ਮਨੁੱਖੀ ਜੀਵਨ ਨੂੰ ਸੁਧਾਰਨ ਵਿੱਚ ਵਿਸ਼ੇਸ਼ ਯੋਗਦਾਨ ਪਾਉਂਦੀਆਂ ਹਨ - ਤਰਕਸ਼ੀਲ ਸੁਸਾਇਟੀ





**ਬੰਗਾ ( ਚਰਨਜੀਤ ਸੱਲ੍ਹਾ )**- ਤਰਕਸ਼ੀਲ ਸੁਸਾਇਟੀ ਪੰਜਾਬ ਵਲੋਂ ਲੋਕਾਂ ਦਾ ਸੋਚਣ ਢੰਗ ਵਿਗਿਆਨਕ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਕਦੇ ਨਾਟਕ ਮੇਲਿਆਂ ਰਾਹੀਂ, ਕਦੇ ਸਾਹਿਤ ਰਾਹੀਂ, ਕਦੇ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਰਾਹੀਂ ਅਤੇ ਕਦੇ ਮੈਜਿਕ ਟ੍ਰਿੱਕਾਂ ਰਾਹੀਂ ਲੋਕਾਂ ਨੂੰ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ,ਜਾਦੂ ਟੂਣਿਆਂ ਅਤੇ ਭੂਤਾਂ ਪਰੇਤਾਂ ਜਿਹੇ ਚੱਕਰਾਂ ਵਿੱਚੋਂ ਬਾਹਰ ਕੱਢਣ ਦੇ ਯਤਨ ਕੀਤੇ ਜਾ ਰਹੇ ਹਨ।

ਇਕਾਈ ਬੰਗਾ ਦੇ ਵਿੱਤ ਸਕੱਤਰ ਮਾਸਟਰ ਜਗਦੀਸ਼ ਰਾਏ ਪੁਰ ਡੱਬਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਕਾਈ ਬੰਗਾ ਵਲੋਂ ਵੀ ਲੋਕਾਂ ਨੂੰ ਸੁਚੇਤ ਕਰਨ ਅਤੇ ਸਰੀਰਕ, ਮਾਨਸਿਕ ਅਤੇ ਆਰਥਿਕ ਲੁੱਟ ਤੋਂ ਬਚਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਉਹਨਾਂ ਦੱਸਿਆ ਕਿ ਇਕਾਈ ਦਾ ਸਰਗਰਮ ਕਾਰਕੁੰਨ ਸੁਖਵਿੰਦਰ ਲੰਗੇਰੀ ਪਿਛਲੇ ਕਾਫ਼ੀ ਸਮੇਂ ਤੋਂ ਇੱਕ ਚੱਲਦੀ ਫਿਰਦੀ ਤਰਕਸ਼ੀਲ ਸਾਹਿਤ, ਲੋਕਪੱਖੀ ਸਾਹਿਤ, ਅਤੇ ਹੋਰ ਸਾਹਿਤਕ ਵੰਨਗੀਆਂ ਦੀ ਬੁੱਕ ਸਟਾਲ ਲੈਕੇ ਲੋਕਾਂ ਵਿੱਚ ਜਾ ਰਹੇ ਹਨ। ਉਹ ਮੇਲਿਆਂ ਵਿੱਚ,ਵੱਖ ਵੱਖ ਪਾਰਟੀਆਂ ਦੀਆਂ ਕਾਨਫਰੰਸਾਂ ਵਿੱਚ, ਮਹਾਨ ਰਹਿਬਰਾਂ ਦੀਆਂ ਜਨ ਸ਼ਤਾਬਦੀਆਂ ਵਿੱਚ, ਸ਼ਰਧਾਂਜਲੀ ਸਮਾਰੋਹਾਂ ਵਿੱਚ ਅਤੇ ਇਲਾਕੇ ਵਿੱਚ ਹੋ ਰਹੇ ਹੋਰ ਸਮਾਰੋਹਾਂ ਵਿੱਚ ਆਪਣੀ ਤਰਕਸ਼ੀਲ ਸਾਹਿਤ ਦੀ ਚੱਲਦੀ ਫਿਰਦੀ ਬੁੱਕ ਸਟਾਲ ਲੈਕੇ ਜਾ ਰਹੇ ਹਨ। ਉਹ ਮੈਜਿਕ ਟ੍ਰਿਕ ਵੀ ਨਾਲ ਲੈਕੇ ਜਾਂਦੇ ਹਨ ਜਿਨ੍ਹਾਂ ਦੁਆਰਾ ਜਾਦੂ ਟੂਣਿਆਂ ਪ੍ਰਤੀ ਪਾਏ ਜਾਂਦੇ ਵਹਿਮਾਂ ਭਰਮਾਂ ਤੋਂ ਸੁਚੇਤ ਕਰਦੇ ਹਨ। ਲੋਕਾਂ ਵਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਬੰਗਾ ਵਲੋਂ ਇਲਾਕੇ ਦੇ ਲੋਕਾਂ ਨੂੰ ਅਪੀਲ ਹੈ ਕਿ ਆਪਣੀ ਸੋਚ ਨੂੰ ਵਿਗਿਆਨਕ ਬਣਾਉਣ ਲਈ, ਲੁੱਟ ਖਸੁੱਟ ਤੋਂ ਬਚਣ ਲਈ, ਚੰਗੀਆਂ ਅਗਾਂਹਵਧੂ ਸੇਧ ਦੇਣ ਵਾਲੀਆਂ ਕਿਤਾਬਾਂ ਨਾਲ ਜੁੜਿਆ ਜਾਵੇ। ਚੰਗੀਆਂ ਕਿਤਾਬਾਂ ਜ਼ਿੰਦਗੀ ਸੁਧਾਰ ਦਿੰਦੀਆਂ ਹਨ। ਇਸ ਲਈ ਆਪ ਅਤੇ ਆਪਣੇ ਬੱਚਿਆਂ ਨੂੰ ਚੰਗੀਆਂ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।

**ਮਾਸਟਰ ਜਗਦੀਸ਼**
**ਵਿੱਤ ਸਕੱਤਰ ਇਕਾਈ ਬੰਗਾ।**
**ਫੋਨ 9417434038**

# ਮਾਤਾ ਗੁਜਰ ਕੌਰ ਤੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਦੁੱਧ-ਬਿਸਕੁਟਾਂ ਦਾ ਲੰਗਰ ਲਗਾਇਆ

**ਫਿਲੌਰ/ਅੱਪਰਾ (ਦੀਪਾ)-** ਸਥਾਨਕ ਪੁਲਿਸ ਚੌਂਕੀ ਅੱਪਰਾ ਦੇ ਨੇੜੇ ਸਥਿਤ ਪੰਚਾਇਤ ਘਰ ਅੱਪਰਾ ਦੇ ਸਾਹਮਣੇ ਸਮੂਹ ਗ੍ਰਾਮ ਪੰਚਾਇਤ ਅੱਪਰਾ ਵਲੋਂ ਸਵੇਰ ਤੋਂ ਹੋ ਰਹੀ ਬਾਰਿਸ਼ ਦਰਮਿਆਨ ਮਾਤਾ ਗੁਜਰ ਕੌਰ ਤੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਦੁੱਧ-ਬਿਸਕੁਟਾਂ ਦਾ ਲੰਗਰ ਲਗਾਇਆ ਗਿਆ । ਇਸ ਮੌਕੇ ਸਰੰਪਚ ਵਿਨੈ ਅੱਪਰਾ, ਨੀਲਮ ਦੇਵੀ, ਸੀਮਾ ਰਾਣੀ, ਪਰਮਜੀਤ ਕੌਰ, ਲਖਨਜੀਤ ਕੌਰ ਦਾਦਰਾ, ਕਾਜਲ ਅਰੋੜਾ, ਹਰਬੰਸ ਲਾਲ ਮਣਸਾ, ਰੂਪ ਲਾਲ, ਕੁਲਦੀਪ ਸਿੰਘ ਜੌਹਲ, ਪਰਮਜੀਤ



ਕਾਲਾ, ਮੌਹਣ ਲਾਲ, ਹਰਜੀਤ ਸਿੱਧੂ (ਸਾਰੇ ਪੰਚਾਇਤ ਮੈਂਬਰ) ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਤੇ ਰਾਹਗੀਰਾਂ ਨੂੰ ਦੁੱਧ ਤੇ ਬਿਸਕੁਟਾਂ ਦੀ ਸੇਵਾ ਨਿਭਾਈ । ਇਸ ਮੌਕੇ ਬੋਲਦਿਆਂ ਸਰੰਪਚ ਵਿਨੈ ਅੱਪਰਾ ਤੇ ਸਮੂਹ ਪੰਚਾਂ ਨੇ ਕਿਹਾ ਕਿ ਮਾਤਾ ਗੁਜਰ ਕੌਰ ਤੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਤੇ ਕੌਮ ਦੇ ਪ੍ਰਤੀ ਉਨਾਂ ਦੀ ਦੇਣ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ । ਇਸ ਮੌਕੇ ਮੁਕੇਸ਼ ਦਾਦਰਾ ਸਾਬਕਾ ਪੰਚਾਇਤ ਮੈਂਬਰ, ਰਘੁਵੀਰ ਸਿੰਘ, ਮਾਸਟਰ ਜੋਗਰਾਜ, ਜੱਸੀ ਪੇਂਟਰ, ਸ਼ੁਭਾਸ਼ ਕੁਮਾਰ, ਦਵਿੰਦਰ ਸਿੰਘ, ਰਕੇਸ਼ ਬੱਬੂ, ਦਮਦਾਰ ਔਜਲਾ ਤੇ ਹੋਰ ਮੋਹਤਬਰ ਵੀ ਹਾਜ਼ਰ ਸਨ ।

# ਮਾਤਾ ਸਵਰਨ ਦੇਵਾ (ਯੂ.ਕੇ.) ਅਤੇ ਸੀਤੇ ਮਾਤਾ (ਯੂ.ਕੇ.) ਨੇ ਝੁੱਗੀ-ਝੌਂਪੜੀ ਵਾਲਿਆਂ ਨੂੰ ਬੂਟ, ਕੱਪੜੇ ਅਤੇ ਕੰਬਲ ਵੰਡ ਕੇ ਕ੍ਰਿਸਮਿਸ ਦਾ ਤਿਉਹਾਰ ਮਨਾਇਆ

**ਅੱਪਰਾ (ਦੀਪਾ)**-ਨਜ਼ਦੀਕੀ ਪਿੰਡ ਮੋਰੋਂ ਵਿਖੇ ਸਥਿਤ ਮਾਂ ਵੈਸ਼ਨੂੰ ਦਰਬਾਰ ਦੁਖ ਖੰਡਨ ਨਿਵਾਸ, ਪਿੰਡ ਮੋਰਾਂ ਦੀ ਗੜ੍ਹਸ਼ੀਨ ਮਾਤਾ ਸਵਰਨ ਦੇਵਾ (ਯੂ.ਕੇ.) ਅਤੇ ਛੋਟੀ ਮਾਤਾ ਸੀਤੇ ਮਾਤਾ (ਯੂ.ਕੇ.) ਨੇੜਲੇ ਪਿੰਡ ਮਸਾਣੀ, ਬੰਗਾ ਰੋਡ 'ਤੇ ਅੱਪਰਾ ਅਤੇ ਅੱਡਾ ਫਿਲੌਰ ਵਾਲਾ ਅੱਪਰਾ ਵਿਖੇ ਨਤਮਸਤਕ ਹੋਏ। ਝੁੱਗੀ-ਝੌਂਪੜੀ ਵਾਲਿਆਂ ਨੂੰ ਬੂਟ,



ਕੱਪੜੇ ਅਤੇ ਕੰਬਲ ਵੰਡ ਕੇ ਕ੍ਰਿਸਮਿਸ ਦਾ ਤਿਉਹਾਰ ਮਨਾਇਆ ਞ ਇਸ ਮੌਕੇ ਬੋਲਦਿਆਂ ਮਾਤਾ ਸਵਰਨ ਦੇਵਾ (ਯੂ.ਕੇ.) ਨੇ ਕਿਹਾ ਕਿ ਹਰ ਤਿਉਹਾਰ ਲੋੜਵੰਦਾਂ ਨਾਲ ਮਨਾਉਣਾ ਚਾਹੀਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਸਾਨੂੰ ਆਪਣੀ ਮਿਹਨਤ ਦੀ ਕਮਾਈ ਵਿਚੋਂ ਕੱਢ ਕੇ ਹਰ ਲੋੜਵੰਦ ਦੀ ਮਦਦ ਕਰਨੀ ਚਾਹੀਦੀ ਹੈ। ਇਸ ਮੌਕੇ ਬਲਿਹਾਰ ਮੋਰੋਂ ਦੇ ਸੇਵਾਦਾਰ ਅਤੇ ਹੋਰ ਸੇਵਾਦਾਰ ਵੀ ਹਾਜ਼ਰ ਸਨ।

# ਡਾ: ਰਾਜ ਕੁਮਾਰ ਨੇ ਲੋਕ ਸਭਾ ਹਲਕਾ ਹੁਸ਼ਿਆਰਪੁਰ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** ਹੁਸ਼ਿਆਰਪੁਰ ਲੋਕ ਸਭਾ ਹਲਕੇ ਦੇ ਸੰਸਦ ਮੈਂਬਰ ਡਾ: ਰਾਜ ਕੁਮਾਰ ਚੱਬੇਵਾਲ ਨੇ ਆਪਣੇ ਨਿਵਾਸ ਸਥਾਨ 'ਤੇ ਇਲ-ਾਕੇ ਦੇ ਲੋਕਾਂ ਨਾਲ ਮੁਲਾਕ-ਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਉਨ੍ਹਾਂ ਕਿਹਾ ਕਿ ਉਹ ਇਲਾਕੇ ਦੇ ਲੋਕਾਂ ਦੀ ਸੇਵਾ ਲਈ ਹਮੇਸ਼ਾ ਤਤਪਰ ਰਹਿੰਦੇ ਹਨ। ਸਾਰੇ ਇਲ-ਾਕਾ ਨਿਵਾਸੀ ਆਪਣੀ ਕਿਸੇ ਵੀ ਸਮੱਸਿਆ ਦੇ ਹੱਲ ਲਈ ਮੇਰੇ ਨਾਲ ਸੰਪਰਕ ਕਰ ਸਕਦੇ ਹਨ। ਇਸ ਮੌਕੇ ਡਾ: ਰਾਜ ਨੇ ਮੁਕੇਰੀਆਂ, ਦਸੂਹਾ, ਟਾਂਡਾ, ਸ਼ਾਮਚੁਰਾਸੀ, ਫਗਵਾੜਾ, ਭੁਲੱਥ ਅਤੇ ਚੱਬੇਵਾਲ ਸਮੇਤ ਹੋਰਨਾਂ ਇਲਾਕਿਆਂ ਤੋਂ ਆਏ ਲੋਕਾਂ ਦੀਆਂ ਸਮੱਸਿਆਵਾਂ ਨਾ ਸਿਰਫ਼ ਸੁਣੀਆਂ, ਸਗੋਂ ਮੌਕੇ 'ਤੇ ਹੀ ਹੱਲ ਵੀ ਕੀਤਾ ਞ ਇਥੇ ਦਸਨ ਯੋਗ ਹੈ ਕਿ ਡਾ: ਰਾਜ ਕੁਮਾਰ ਰੋਜ਼ਾਨਾ ਆਪਣੇ ਘਰ ਅਤੇ ਹਲਕੇ ਵਿੱਚ ਜਾ ਕੇ ਸੈਂਕੜੇ ਲੋਕਾਂ ਨਾਲ ਜੁੜਦੇ ਹਨ ਅਤੇ ਉਨ੍ਹਾਂ ਦੀਆਂ



ਸਮੱਸਿਆਵਾਂ ਹੱਲ ਕਰਦੇ ਹਨ ਞਆਪਣੇ ਹਲਕਾ ਵਾਸੀਆਂ ਨਾਲ ਗੱਲਬਾਤ ਕਰਦਿਆਂ ਡਾ: ਰਾਜ ਨੇ ਇਹ ਵੀ ਐਲਾਨ ਕੀਤਾ ਕਿ 1 ਜਨਵਰੀ 2025 ਤੋਂ ਉਹ ਲਗਾਤਾਰ ਵੱਖ-ਵੱਖ ਇਲਾਕਿਆਂ ਦਾ ਦੌਰਾ ਕਰਨਗੇ ਅਤੇ ਜਨਤਾ ਦਰਬਾਰ ਲਗਾਉਣਗੇ ਜਿਸ ਵਿੱਚ ਪ੍ਸ਼ਾਸਨਿਕ ਅਧਿਕਾਰੀਆਂ ਨੂੰ ਨਾਲ ਲੈ ਕੇ ਲੋਕਾਂ ਦੀਆਂ ਸਮੱਸਿਆਵਾਂ ਦਾ ਮੌਕੇ 'ਤੇ ਹੀ ਹੱਲ ਕੀਤਾ ਜਾਵੇਗਾ।ਡਾ. ਰਾਜ ਨੇ ਕਿਹਾ ਕਿ ਹੁਸ਼ਿਆਰਪੁਰ ਲੋਕ ਸਭਾ ਹਲਕੇ ਦੇ ਮਸਲਿਆਂ ਦੇ ਹੱਲ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਇਨ੍ਹਾਂ ਵਿੱਚ ਮੈਡੀਕਲ ਕਾਲਜ ਦੀ ਸਥਾਪਨਾ, ਰੇਲਵੇ ਸੇਵਾਵਾਂ ਦਾ ਵਿਸਥਾਰ ਅਤੇ ਸਿਹਤ ਸੇਵਾਵਾਂ ਵਿੱਚ ਸੁਧਾਰ ਸ਼ਾਮਲ ਹਨ। ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਇਨ੍ਹਾਂ ਯਤਨਾਂ ਦੇ ਸਕਾਰ-ਾਤਮਕ ਨਤੀਜੇ ਜਲਦੀ ਹੀ ਦੇਖਣ ਨੂੰ ਮਿਲਣਗੇ।ਇਲ-ਾਕੇ ਦੇ ਲੋਕਾਂ ਨੇ ਵੀ ਡਾ. ਰਾਜ ਕੁਮਾਰ ਦੀ ਲੋਕ ਸੇਵਾ ਭਾਵਨਾ ਅਤੇ ਹਲਕੇ ਵਿੱਚ ਸਰਗਰਮੀ ਲਈ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸੰਸਦ ਮੈਂਬਰ ਦੇ ਇਸ ਕਦਮ ਨਾਲ ਨਾ ਸਿਰਫ਼ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਹੋਵੇਗਾ ਸਗੋਂ ਪ੍ਰਸ਼ਾਸਨ ਅਤੇ ਜਨਤਾ ਦਰਮਿਆਨ ਵਿਸ਼ਵਾਸ ਵੀ ਮਜ਼ਬੂਤ ਹੋਵੇਗਾ।ਡਾ. ਰਾਜ ਨੇ ਅੰਤ ਵਿੱਚ ਕਿਹਾ ਕਿ ਉਨ੍ਹਾਂ ਦਾ ਉਦੇਸ਼ ਇਲਾਕੇ ਦਾ ਸਰਬਪੱਖੀ ਵਿਕਾਸ ਅਤੇ ਲੋਕਾਂ ਦੀ ਬਿਹਤਰੀ ਨੂੰ ਯਕੀਨੀ ਬਣਾਉਣਾ ਹੈ।

ਫੋਟੋ ਅਜਮੇਰ ਦੀਵਾਨਾ

# ਵਿਦਿਆਰਥੀ ਚੰਗੀ ਪੜ੍ਹਾਈ ਕਰਕੇ ਹੀ ਦੁਨੀਆ ਤੇ ਇੱਕ ਵਧੀਆ ਰੁਤਬਾ ਹਾਸਿਲ ਕਰ ਸਕਦੇ ਹਨ : ਡਾ ਆਸ਼ੀਸ਼ ਸਰੀਨ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਵਿਦਿਆ ਮਨੁੱਖ ਦਾ ਤੀਜਾ ਨੇਤਰ ਹੈ ਚੰਗੀ ਪੜ੍ਹਾਈ ਕਰਨ ਦੇ ਨਾਲ ਹੀ ਵਿਦਿਆਰਥੀ ਦੁਨੀਆ ਤੇ ਇੱਕ ਚੰਗਾ ਰੁਤਬਾ ਹਾਸਿਲ ਕਰ ਸਕਦੇ ਹਨ। ਇਹਨਾਂ ਗੱਲਾਂ ਦਾ ਪ੍ਰਗਟਾਵਾ "ਹਿੱਜ ਐਕਸੀਲੈਂਟ ਕੋਚਿੰਗ ਸੈਂਟਰ" ਅਤੇ ਸੇਂਟ ਕਬੀਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਚੱਗਰਾਂ ਦੇ ਐਮ ਡੀ ਡਾ ਆਸ਼ੀਸ਼ ਸਰੀਨ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ। ਉਹਨਾਂ ਕਿਹਾ ਕਿ ਪੜ੍ਹਾਈ ਹੀ ਇੱਕ ਐਸਾ ਨਿਸ਼ਾਨਾ ਹੈ ਜਿਸ ਰਾਹੀਂ ਵਿਦਿਆਰਥੀ ਪੜ੍ਹ ਲਿਖ ਕੇ ਅਮੀਰੀ ਗਰੀਬੀ ਅਤੇ ਉਚ ਨੀਚ ਦੇ ਮਤਭੇਦ ਨੂੰ ਦੂਰ ਕਰਕੇ ਵਧੀਆ ਅਫਸਰ ਬਣ ਸਕਦੇ ਹਨ।



ਉਹਨਾਂ ਕਿਹਾ ਕਿ ਜੇਕਰ ਵਿਦਿਆਰਥੀ ਨੂੰ ਪੜ੍ਹਾਈ ਦੀ ਸਹੀ ਦਿਸ਼ਾ ਮਿਲ ਜਾਵੇ ਤਾਂ ਉਹ ਔਖੀ ਤੋਂ ਔਖੀ ਮੰਜ਼ਿਲ ਨੂੰ ਹਾਸਿਲ ਕਰ ਸਕਦਾ ਹੈ । ਉਹਨਾਂ ਬੱਚਿਆਂ ਦੇ ਮਾਪਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਬੱਚਿਆਂ ਨੂੰ ਪੜ੍ਹਾਈ ਜਰੂਰ ਕਰਵਾਉਣ ਤਾਂ ਜੋ ਆਉਣ ਵਾਲੀਆਂ ਪੀੜੀਆਂ ਦੇ ਜੀਵਨ ਪੱਧਰ ਉੱਚਾ ਚੁੱਕਿਆ ਜਾ ਸਕੇ ਨਾਲ ਹੀ ਉਨਾਂ ਵਿਦਿਆਰਥੀਆਂ ਦੇ ਮਾਪਿਆਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਉਹ ਸਕੂਲਾਂ ਵਿੱਚ ਜਾ ਕੇ ਅਧਿਆਪਕਾਂ ਕੋਲੋਂ ਆਪਣੇ ਬੱਚਿਆਂ ਵੱਲੋਂ ਕੀਤੀ ਜਾ ਰਹੀ ਪੜ੍ਹਾਈ ਦੀ ਸਮੀਖਿਆ ਜਰੂਰ ਕਰਨ ਤਾਂ ਕਿ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਪੜ੍ਹਾਈ ਬਾਰੇ ਪੂਰਨ ਤੌਰ ਤੇ ਪਤਾ ਲੱਗ ਸਕੇ ਉਹਨਾਂ ਵਿਦਿਆਰਥੀਆਂ ਨੂੰ ਪੜ੍ਹਾਈ ਪ੍ਰਤੀ ਪ੍ਰੇਰਿਤ ਕਰਦਿਆਂ ਕਿਹਾ ਕਿ ਜ਼ਿੰਦਗੀ ਵਿੱਚ ਕਾਮਯਾਬ ਹੋਣ ਲਈ ਮਿਹਨਤ ਕਰਨੀ ਅਤੀ ਜਰੂਰੀ ਹੈ ਉਹਨਾਂ ਕਿਹਾ ਕਿ ਮਿਹਨਤ ਹੀ ਸਫਲਤਾ ਦੀ ਅਸਲ ਕੁੰਜੀ ਹੈ। ਉਹਨਾਂ ਕਿਹਾ ਕਿ ਪੜ੍ਹਾਈ ਤੋਂ ਬਿਨਾਂ ਵਿਅਕਤੀ ਇੱਕ ਪਸ਼ੂ ਦੇ ਸਮਾਨ ਹੁੰਦਾ ਹੈ।

# ਸ਼ਹੀਦੀ ਦਿਹਾੜੇ ਨੂੰ ਸਮਰਪਿਤ ਦੁੱਧ ਦੇ ਲੰਗਰ ਲਗਾਏ



**ਨਵਾਂਸ਼ਹਿਰ/ਬੰਗਾ (ਸਤਨਾਮ ਸਿੰਘ ਸਹੂੰਗੜਾ)** ਸ਼ਹੀਦੀ ਦਿਹਾੜਿਆਂ ਨੂੰ ਸਮਰਪਿਤ ਕਾਲਜ ਦੇ ਐੱਨ . ਐੱਸ. ਐੱਸ ਵਿਭਾਗ ਵੱਲੋਂ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਜੀ ਦੀ ਯੋਗ ਅਗਵਾਈ ਹੇਠ ਪ੍ਰੋਗਰਾਮ ਅਫ਼ਸਰ ਪ੍ਰੋ ਵਿਪਨ, ਡਾ. ਨਿਰਮਲਜੀਤ ਕੌਰ ਜੀ ਦੇ ਯਤਨਾਂ ਸਦਕਾ ਸੱਤ ਰੋਜ਼ਾ ਕੈਂਪ ਦੇ ਚੌਥੇ ਦਿਨ ਦੀ ਲਗਾਤਾਰਤਾ ਵਿਚ ਕਾਲਜ ਗੇਟ 'ਤੇ ਦੁੱਧ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਵਲੰਟੀਅਰਾਂ ਵੱਲੋਂ ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ'ਦਾ ਨਾਅਰਾ ਬੁਲੰਦ ਕਰਕੇ ਜਿਥੇ ਇਲਾਕਾ ਨਿਵਾਸੀਆਂ ਨੂੰ ਹੋਰ ਵਧੇਰੇ ਆਪਸੀ ਪਿਆਰ ਅਤੇ ਸਹਿਯੋਗ ਨਾਲ ਵਿਚਰਨ ਦਾ ਸੁਨੇਹਾ ਦਿੱਤਾ ਗਿਆ। ਇਸ ਮੌਕੇ ਗੁਰਬਾਣੀ ਦੇ ਇਲਾਹੀ ਜਾਪ ਵੀ ਕੀਤੇ ਗਏ ਅਤੇ ਵਲੰਟੀਅਰਾਂ ਵੱਲੋਂ ਵੱਧ ਚੜ ਕੇ ਸੇਵਾ ਕੀਤੀ ਗਈ। ਉਪਰੰਤ ਵਲੰਟੀਅਰਾਂ ਵੱਲੋਂ ਕਾਲਜ ਕੈਂਪਸ ਵਿੱਚ ਸਾਫ - ਸਫਾਈ ਨੂੰ ਧਿਆਨ ਵਿਚ ਰੱਖਦੇ ਹੋਏ ਗਮਲਿਆਂ ਨੂੰ ਰੰਗ ਰੋਗਨ ਕੀਤਾ ਗਿਆ। ਬਾਅਦ ਦੁਪਹਿਰ ਵਲੰਟੀਅਰਾਂ ਨੂੰ ਗੁਣਾਚੌਰ ਪਿੰਡ ਦਾ ਦੌਰਾ ਕਰਵਾਇਆ ਗਿਆ।ਜਿਸ ਵਲੰਟੀਅਰਾਂ ਵੱਲੋਂ ਪਿੰਡ ਵਾਸੀਆਂ ਨਾਲ ਆਪਣੇ ਵਿਚਾਰਾਂ ਨਾਲ ਜਾਗਰੂਕ ਕੀਤਾ ਗਿਆ ਅਤੇ ਅਗਲੇ ਦਿਨ ਦੀ ਰੂਪ ਰੇਖਾ ਤਿਆਰ ਕੀਤੀ ਗਈ। ਦਿਨ ਦੇ ਅਖੀਰਲੇ ਪੜਾਅ 'ਤੇ ਵਿਦਿਆਰਥੀਆਂ ਦਾ ਬੈਡਮਿੰਟਨ ਦਾ ਮੈਚ ਕਰਵਾਇਆ ਗਿਆ ਜਿਸ ਵਿਚ ਮਾਈਕਲ ਅਤੇ ਗੁਰਪ੍ਰੀਤ ਸਿੰਘ ਦੀ ਅਗਵਾਈ ਵਾਲੀ ਟੀਮ ਜੇਤੂ ਰਹੀ। ਮੈਚ ਉਪਰੰਤ ਰਾਸ਼ਟਰ- ਗਾਣ ਦੀ ਧੁਨੀ ਬੁਲੰਦ ਕੀਤੀ ਗਈ।

# ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ ਅਜੋਵਾਲ ਵਿਖੇ ਸਿਹਤ ਵਿਭਾਗ ਵੱਲੋਂ ਨਸ਼ਿਆਂ ਅਤੇ ਇਸ ਦੇ ਇਲਾਜ ਸਬੰਧੀ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਮਾਨਯੋਗ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਸ਼੍ਰੀਮਤੀ ਕੋਮਲ ਮਿੱਤਲ ਦੇ ਹੁਕਮਾਂ ਅਨੁਸਾਰ ਜਿਲ੍ਹਾ ਨਸ਼ਾ ਛੁਡਾਊ ਕੇਂਦਰ ਅਜਵਾਲ ਹੁਸ਼ਿਆਰਪੁਰ ਵੱਲੋਂ ਸਿਵਲ ਸਰਜਨ ਡਾ: ਪਵਨ ਕੁਮਾਰ ਸ਼ਗੋਤਰਾ ਅਤੇ ਡਿਪਟੀ ਮੈਡੀਕਲ ਕਮਿਸ਼ਨਰ ਡਾ: ਹਰਬੰਸ ਕੌਰ, ਪ੍ਰਿੰਸੀਪਲ।ਅਨੁਪਮ, ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਕੇਂਦਰ ਹੁਸ਼ਿਆਰਪੁਰ ਵਿਖੇ ਡਾ. ਸਿਹਤ ਵਿਭਾਗ ਦੇ ਰੀਹੈਬਲੀਟੇਸ਼ਨ ਸੈਂਟਰ ਵੱਲੋਂ ਨਸ਼ਿਆਂ ਅਤੇ ਇਸ ਦੇ ਇਲਾਜ ਸਬੰਧੀ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਇਸ ਮੌਕੇ ਮਨੋਵਿਗਿਆਨੀ ਡਾ ਡਿਪਟੀ ਕਾਉਂਸਲਰ ਸ੍ਰੀਮਤੀ ਤਾਨੀਆ ਵੋਹਰਾ ਨੇ ਦੱਸਿਆ ਕਿ ਵਿਸ਼ਵ ਸਿਹਤ ਸੰਸਥਾ ਦੇ ਅਨੁਸਾਰ ਨਸ਼ਾ ਇੱਕ ਮਾਨਸਿਕ ਰੋਗ ਹੈ, ਜਿਸ ਦਾ ਇਲਾਜ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਮੁਫ਼ਤ ਕੀਤਾ ਜਾਂਦਾ ਹੈ, ਉਨ੍ਹਾਂ ਨੇ ਕਾਊਂਸਲਰ ਨੂੰ ਨਸ਼ਿਆਂ ਦੇ ਕਾਰਨਾਂ, ਲੱਛਣਾਂ ਅਤੇ ਬਿਮਾਰੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਪ੍ਰਸ਼ਾਂਤ ਆਦੀਆ ਨੇ ਦੱਸਿਆ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਨਸ਼ਾ ਛੁਡਾਊ ਕੇਂਦਰ, ਸਿਵਲ ਹਸਪਤਾਲ ਹੁਸ਼ਿਆਰਪੁਰ ਅਤੇ ਦਸੂਹਾ ਵਿੱਚ ਨਸ਼ਾ ਛੁਡਾਊ ਇਲਾਜ ਮੁਫ਼ਤ ਕੀਤਾ ਜਾਂਦਾ ਹੈ, ਜਿਸ ਵਿੱਚ ਮਰੀਜ਼ ਨੂੰ ਪਹਿਲੇ 15-21 ਦਿਨ ਨਿਗਰਾਨੀ ਹੇਠ ਰੱਖਿਆ ਜਾਂਦਾ ਹੈ। ਡੀਟੌਕਸੀਫਿਕੇਸ਼ਨ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਮਰੀਜ਼ ਨੂੰ 90 ਦਿਨਾਂ ਲਈ ਸਰਕਾਰੀ ਮੁੜ ਵਸੇਬਾ ਕੇਂਦਰ ਮੁਹੱਲਾ ਫਤਿਹਗੜ੍ਹ ਹੁਸ਼ਿਆਰਪੁਰ ਵਿਖੇ ਦਾਖਲ ਕਰਵਾਇਆ ਜਾਂਦਾ ਹੈ, ਜਿੱਥੇ ਵਿਅਕਤੀਗਤ ਕਾਊਂਸਲਿੰਗ, ਸਮੂਹ ਕੌਂਸਲਿੰਗ, ਅਧਿਆਤਮਿਕ ਸਲਾਹ ਦੇ ਨਾਲ-ਨਾਲ ਖੇਡਾਂ ਅਤੇ ਥੈਰੇਪੀ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਨਸ਼ਾ ਛੁਡਾਊ ਇਲਾਜ ਦੇ ਨਾਲ-ਨਾਲ ਸਰਟੀਫਾਈਡ ਸਕਿਲ ਡਿਵੈਲਪਮੈਂਟ ਕੋਰਸ ਵੀ ਕਰਵਾਏ ਜਾਂਦੇ ਹਨ ਤਾਂ ਜੋ ਮਰੀਜ਼ ਠੀਕ ਹੋਣ 'ਤੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ ਉਪਲਬਧ ਹਨ, ਜੇਕਰ ਕੋਈ ਮਰੀਜ਼ ਇਲਾਜ ਲਈ ਆਉਂਦਾ ਹੈ ਤਾਂ ਨਸ਼ਾ ਛੁਡਾਊ ਕੇਂਦਰ ਪੂਰਾ ਇਲਾਜ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਇਸ ਮੌਕੇ ਵਾਈਸ ਪ੍ਰਿੰਸੀਪਲ ਸਤਵੰਤ ਕੌਰ, ਸ਼ਿਖਾ ਸ਼ਰਮਾ, ਰਿਤੂ ਕੁਮਰਾ, ਦਿਲਬਾਗ ਸਿੰਘ, ਦੀਦਾਰ ਸਿੰਘ, ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

# ਵਿਸ਼ੇਸ਼ ਟੀਕਾਕਰਣ ਮੁਹਿੰਮ ਤਹਿਤ ਵੱਖ ਵੱਖ ਸਥਾਨਾਂ ਤੇ ਟੀਕਾਕਰਣ ਕੈਂਪ ਆਯੋਜਿਤ ਗਏ - ਡਾ ਸੀਮਾ ਗਰਗ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਿਹਤ ਵਿਭਾਗ ਪੰਜਾਬ ਅਤੇ ਸਿਵਲ ਸਰਜਨ ਛਾ ਪਵਨ ਕੁਮਾਰ ਸ਼ਗੋਤਰਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲਾ ਟੀਕਾਕਰਣ ਅਫ਼ਸਰ ਡਾ ਸੀਮਾ ਗਰਗ ਦੀ ਯੋਗ ਅਗਵਾਈ ਹੇਠ ਜ਼ਿਲੇ ਅੰਦਰ ਵੱਖ ਵੱਖ ਬਲਾਕਾਂ ਅੰਦਰ ਟੀਕਾਕਰਣ ਸੰਬੰਧੀ ਪੇਂਟਾਵੇਲੈਂਟ ਵਿਸ਼ੇਸ਼ ਮੁਹਿੰਮ ਤਹਿਤ ਸੈਸ਼ਨ ਲਗਾਏ ਗਏ। ਇਸ ਸੰਬੰਧੀ ਗੱਲਬਾਤ ਕਰਦਿਆਂ ਡਾ ਸੀਮਾ ਗਰਗ ਨੇ ਦੱਸਿਆ ਕਿ 23ਦਿਸੰਬਰ ਤੋਂ 31 ਦਿਸੰਬਰ ਤੱਕ ਵਿਸ਼ੇਸ਼ ਪੇਂਟਾਵੇਲੈਂਟ ਮੁਹਿੰਮ ਚਲਾਈ ਜਾ ਰਹੀ ਹੈ।ਇਸ ਦੇ ਤਹਿਤ ਜਿਹਨਾਂ ਬੱਚਿਆਂ ਦਾ ਟੀਕਾਕਰਣ ਛੁੱਟ ਗਿਆ ਹੈ ਜਾਂ ਸ਼ੁਰੂ ਹੀ ਨਹੀਂ ਹੋਇਆ ਉਹਨਾਂ ਨੂੰ ਕਵਰ ਕੀਤਾ ਜਾਵੇਗਾ।ਉਹਨਾਂ ਬੱਚਿਆਂ ਦੇ ਮਾਤਾ



ਪਿਤਾ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਬੱਚਿਆਂ ਦੇ ਰਹਿੰਦੇ ਟੀਕੇ ਸਮੇਂ ਸਿਰ ਲਗਵਾਉਣ ਤਾਂ ਜੋ ਉਹਨਾਂ ਨੂੰ 11 ਬਿਮਾਰੀਆਂ ਤੋਂ ਸੁਰੱਖਿਅਤ ਕੀਤਾ ਜਾ ਸਕੇ।ਸੰਪੂਰਨ ਟੀਕਾਕਰਣ ਬੱਚਿਆਂ ਦੇ ਵਿਕਾਸ ਲਈ ਬਹੁਤ ਜਰੂਰੀ ਹੈ।ਇਹ ਟੀਕੇ ਲਗਵਾਉਣ ਲਈ ਆਪਣੇ ਪਿੰਡ ਦੀ ਆਸ਼ਾ ਵਰਕਰ ਅਤੇ ਏ ਐਨ ਐਮ ਨਾਲ ਸੰਪਰਕ ਕੀਤਾ ਜਾਵੇ।

# ਡਿਪਟੀ ਕਮਿਸ਼ਨਰ ਵਲੋਂ ਦਿਵਿਆਂਗ ਵਿਅਕਤੀਆਂ ਦੀ ਸਹੂਲਤ ਲਈ ਸਾਂਝੇ ਯਤਨਾਂ ਦੀ ਲੋੜ ’ਤੇ ਜ਼ੋਰ

## ਜ਼ਿਲ੍ਹਾ ਪ੍ਰਸ਼ਾਸਨ ਨੇ ਸਪੈਸ਼ਲ ਸਕੂਲ, ਜਹਾਨ ਖੇਲਾਂ ਵਿਖੇ ਅੰਤਰਰਾਸ਼ਟਰੀ ਦਿਵਿਆਂਗਤਾ ਦਿਵਸ ਮਨਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਪ੍ਰਸ਼ਾਸਨ ਵਲੋਂ ਜੇ.ਐਸ.ਐਸ ਆਸ਼ਾ ਦੀਪ ਵੈਲਫੇਅਰ ਸੁਸਾਇਟੀ ਸਪੈਸ਼ਲ ਸਕੂਲ, ਜਹਾਨ ਖੇਲਾਂ ਵਿਖੇ ਅੰਤਰਰਾਸ਼ਟਰੀ ਦਿਵਿਆਂਗਤਾ ਦਿਵਸ ਮਨਾਇਆ ਗਿਆ ਜਿਥੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਦਿਵਿਆਂਗ ਵਿਅਕਤੀਆਂ ਦੇ ਅਧਿਕਾਰਾਂ, ਸਹੂਲਤਾਂ ਅਤੇ ਲੋੜੀਂਦੀਆਂ ਸੇਵਾਵਾਂ ਲਈ ਸਾਂਝੇ ਯਤਨ ਕਰਨੇ ਚਾਹੀਦੇ ਹਨ ਤਾਂ ਜੋ ਦਿਵਿਆਂਗ ਵਿਅਕਤੀਆਂ ਦੀ ਹਰ ਸੰਭਵ ਮਦਦ ਹੋ ਸਕੇ। ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ ਦਿਵਿਆਂਗ ਵਿਅਕਤੀਆਂ ਦਾ ਸਹਿਯੋਗ ਕਰਨਾ ਸਾਰਿਆਂ ਦਾ ਫਰਜ਼ ਬਣਦਾ ਹੈ ਜਿਸ ਨੂੰ ਪੂਰੀ ਹਮਦਰਦੀ ਅਤੇ ਸੁਹਿਰਦ ਭਾਵਨਾ ਨਾਲ ਨਿਭਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ, ਜ਼ਿਲ੍ਹਾ ਸਮਾਜਿਕ ਸੁਰੱਖਿਆ ਦਫ਼ਤਰ ਅਤੇ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਸਮੇਂ-ਸਮੇਂ ’ਤੇ ਦਿਵਿਆਂਗ ਵਿਅਕਤੀਆਂ ਦੀ ਲੋੜੀਂਦੀ




ਮਦਦ ਲਈ ਤਤਪਰ ਰਹਿੰਦੀ ਹੈ ਅਤੇ ਇਨ੍ਹਾਂ ਵਿਅਕਤੀਆਂ ਲਈ ਲੋੜੀਂਦੇ ਲਾਭ ਯਕੀਨੀ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਦਿਵਿਆਂਗਤਾ ਦਿਵਸ ਮਨਾਉਣ ਦਾ ਮਕਸਦ ਦਿਵਿਆਂਗ ਵਿਅਕਤੀਆਂ ਲਈ ਭਲਾਈ ਸਕੀਮਾਂ, ਸਰਕਾਰੀ ਦਫ਼ਤਰਾਂ ਵਿਚ ਸਹੂਲਤਾਂ ਅਤੇ ਸਰਕਾਰ ਵਲੋਂ ਸਮੇਂ-ਸਮੇਂ ’ਤੇ ਦਿੱਤੇ ਜਾਂਦੇ ਲਾਭ ਬਾਰੇ ਜਾਣਕਾਰੀ ਦਾ ਪ੍ਰਸਾਰ ਕਰਕੇ ਵੱਧ ਤੋਂ ਵੱਧ ਦਿਵਿਆਂਗ ਵਿਅਕਤੀਆਂ ਨੂੰ ਇਨ੍ਹਾਂ ਬਾਰੇ ਜਾਣੂ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਭਵਿੱਖ ਵਿਚ ਵੀ ਅਜਿਹੇ ਉਪਰਾਲੇ ਉਲੀਕਦਾ ਰਹੇਗਾ ਤਾਂ ਜੋ ਅਹਿਮ ਜਾਣਕਾਰੀਆਂ ਸਾਂਝੀਆਂ ਕੀਤੀਆਂ ਜਾ ਸਕਣ। ਅੰਤਰਰਾਸ਼ਟਰੀ ਦਿਵਿਆਂਗਤਾ ਦਿਵਸ ਮੌਕੇ ਡਿਪਟੀ ਕਮਿਸ਼ਨਰ ਨੇ 7 ਦਿਵਿਆਂਗ ਵਿਅਕਤੀਆਂ ਨੂੰ ਟਰਾਈਸਾਈਕਲ ਅਤੇ ਕੰਬਲ ਵੀ ਵੰਡੇ। ਜੇ.ਐਸ.ਐਸ ਆਸ਼ਾ ਦੀਪ ਵੈਲਫੇਅਰ ਸੁਸਾਇਟੀ ਸਪੈਸ਼ਲ ਸਕੂਲ, ਜਹਾਨ ਖੇਲਾਂ, ਆਸ਼ਾ ਕਿਰਨ ਪਿੰਗਲਵਾੜਾ ਸਪੈਸ਼ਲ ਸਕੂਲ, ਕੱਕੋਂ ਅਤੇ ਬਾਹੋਵਾਲ ਸਕੂਲ ਦੇ ਦਿਵਿਆਂਗ ਵਿਦਿਆਰਥੀਆਂ ਵਲੋਂ ਸਭਿਆਚਾਰਕ ਵੰਨਗੀਆਂ ਦੀ ਪੇਸ਼ਕਾਰੀ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਮਨਪ੍ਰੀਤ ਸਿੰਘ, ਸਕੱਤਰ ਰੈਡ ਕਰਾਸ ਮੰਗੇਸ਼ ਸੂਦ, ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਰਵਿੰਦਰ ਕੌਰ, ਦਯਾ ਰਾਣੀ, ਸਟੇਟ ਐਵਾਰਡੀ ਜਰਨੈਲ ਸਿੰਘ ਧੀਰ, ਕੁਲਦੀਪ ਸਿੰਘ, ਸੰਦੀਪ ਸ਼ਰਮਾ, ਅਤਰ ਸਿੰਘ ਆਦਿ ਵੀ ਮੌਜੂਦ ਸਨ।

## ਰੁਲ਼ਦੂ ਦੇ ਮਨ ਦੀ ਸਥਿਤੀ

ਰੁਲ਼ਦੂ ਚਾਰ ਕੁ ਲਾਈਨਾਂ ਲਿਖ ਕੇ ਹੀ ,
ਲੋਕਾਂ ਦੀ ਕਚਹਿਰੀ ਵਿੱਚ ਧਰਦੈ ।
ਕਿਤੇ ਕੋਈ ਨਘੋਚ ਨਾ ਕੱਢ ਦੇਵੇ ,
ਅੰਦਰੋ ਅੰਦਰੀ ਦਿਲ ਵੀ ਡਰਦੈ ।
ਝੱਟ ਹੀ ਛਪ ਜਾਂਦੀ ਅਖ਼ਬਾਰਾਂ ਵਿੱਚ ,
ਮਨ ਨੂੰ ਕੁੱਝ ਹੌਂਸਲਾ ਹੋ ਜਾਂਦੈ ;
ਓਦੋਂ ਬਿਨਾਂ ਪੀਤੀਓਂ ਲੋਰ ਚੜ੍ਹੇ ,
ਜਦ ਹਰ ਕੋਈ ਹੀ ਸਿਫ਼ਤਾਂ ਕਰਦੈ ।



ਮੂਲ ਚੰਦ ਸ਼ਰਮਾ
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## ਦਸਮੇਸ਼ ਪਿਤਾ

ਦਸਮੇਸ਼ ਪਿਤਾ ਤੇਰੀ ਕੌਮ ਅੱਜਕਲ੍ਹ
ਤੇਰੀਆਂ ਸਿੱਖਿਆਵਾਂ ਤੋਂ ਕਤਰਾ ਰਹੀ ਏ
ਤੁਸਾਂ ਪਰਿਵਾਰ ਵਾਰਿਆ ਧਰਮ ਖਾਤਿਰ
ਢਾਲ ਵਰਤ ਕੇ ਲੁੱਟ ਮਚਾ ਰਹੀ ਏ
ਕਿਤੇ ਗਊ ਗਰੀਬ ਦੀ ਕਰਨੀ ਮੱਦਦ
ਬਰਛੇ ਚੁੱਕ ਜਿਨ੍ਹਾਂ ਨੂੰ ਸਤਾ ਰਹੀ ਏ
ਕੁਰਬਾਨੀਆਂ ਦੇਣਾ ਤਾਂ ਗੱਲ ਦੂਰ ਦੀ
ਫਿਰਕਾਪ੍ਰਸਤੀ ਕਰ ਜ਼ੁਰਮ ਕਮਾ ਰਹੀ ਏ
ਧਰਮ ਨੂੰ ਕੀ ਇਹਨ੍ਹਾਂ ਮਜਬੂਤ ਕਰਨਾ
ਧਰਮ ਦੇ ਨਾ ਤੇ ਦੁਕਾਨਾਂ ਚਲਾ ਰਹੀ ਏ
ਪਾ ਕੇ ਬਾਣਾ ਅੱਜ ਕੱਲ ਚੋਰ ਘੁੰਮਦੇ
ਪੰਥ ਨੂੰ ਲਾਹਨਤਾਂ ਦਿਲਾ ਰਹੀ ਏ
ਖ਼ੁਦਗਰਜੀ ਖਾਤਿਰ ਲੱਗਣ ਧਰਨੇ
ਪੰਜਾਬ ਕਰਜ਼ੇਈ ਬਣਾ ਰਹੀ ਏ
ਘੜਮ ਚੌਧਰੀਆਂ ਗੁਰੂਘਰਾਂ ਤੇ ਕੀਤਾ ਕਬਜ਼ਾ
ਖੌਫ਼ ਪੰਥ ਦਾ ਦਿਖਾ ਧਮਕਾ ਰਹੀ ਏ
ਫੁਕਰਪੰਥੀ ਦੇ ਪੱਟੇ ਲੋਕੀਂ ਐਵੇਂ ਬਣ
ਬਗਲੇ ਗੁਰਸਿੱਖ ਅਖਵਾ ਰਹੀ ਏ
ਗੋਲਕ ਚੋਰੀ ਬਣ ਗਿਆ ਧੰਦਾ
ਧਰਮ ਨੂੰ ਖੂੰਜੇ ਲਾ ਰਹੀ ਏ
ਅਮਲ ਕੀ ਕਰਨਾ ਬੱਲੀ ਕਹੇ ਤੇ
ਗੁੰਡਾਗਰਦੀ ਫੈਲਾ ਰਹੀ ਏ
ਦਸਮ ਪਿਤਾ ਤੇਰੀ ਕੌਮ ਅੱਜਕਲ੍ਹ
ਰਾਹਾਂ ਤੋਂ ਭਟਕਾ ਰਹੀ ਏ



..... ਬੱਲੀ ਈਲਵਾਲ

## ਵਾਜਾ ਵਾਲਿਆ

ਵਾਜਾ ਵਾਲਿਆ ਕਿੱਥੋਂ ਮੈਂ ਸ਼ਬਦ ਲੱਭਾਂ
ਤੇਰੀ ਕੁਰਬਾਨੀ ਦੀ ਸਿਫ਼ਤ ਸੁਣਾਉਣ ਖਾਤਿਰ

ਮੇਰੀ ਅਕਲ ਊਣੀ ਤੇ ਕਾਗਜ਼ ਦਾ ਆਕਾਰ ਛੋਟਾ
ਕਿਹੜੀ ਕਲਮ ਵਰਤਾਂ ਮੈਂ ਕਵਿਤਾ ਬਣਾਉਣ ਖਾਤਿਰ

ਮੇਰੀ ਅਕਲ ਊਣੀ ਤੇ ਔਕਾਤ ਛੋਟੀ
ਕਿਹੜੀ ਕਲਮ ਘੜਲਾ ਮੈਂ ਕਵਿਤਾ ਬਣਾਉਣ ਖਾਤਿਰ

ਸਿਰੋਂ ਕਰਜ ਤੇਰਾ ਕਿੰਝ ਉਤਾਰ ਦੇਵਾਂ
ਜਿਹੜਾ ਚਾੜਿਆ ਤੂੰ ਸਰਦਾਰ ਬਣਾਉਣ ਖਾਤਿਰ

ਸਾਹਿਬਜ਼ਾਦਿਆਂ ਤੋਂ ਵੀ ਮੁਖੜਾ ਮੋੜਿਆ ਹੁੰਦਾ
ਨਾਲ ਮਜਲੂਮਾਂ ਦੇ ਪਿਆਰ ਵਧਾਉਣ ਖਾਤਿਰ

ਨੀਹਾਂ ਵਿੱਚ ਚਿਣਵਾ ਦਿੱਤੇ ਤੂੰ ਲਾਲ ਛੋਟੇ
ਮਜਬੂਤ ਸਿੱਖੀ ਦੀ ਦੀਵਾਰ ਬਣਾਉਣ ਖਾਤਿਰ

ਚਾਂਦਨੀ ਚੌਕ ਲਈ ਪਿਤਾ ਜੀ ਆਪ ਤੋਰੇ
ਪੈਂਦੀ ਹਿੰਦ ਨੂੰ ਮਾਰ ਬਚਾਉਣ ਖਾਤਿਰ



## ਸਵਰਨ ਕਵਿਤਾ

### ਕਬਰੀਂ ਉੱਗੇ ਘਾਹ

ਅਸੀਂ ਕਬਰੀਂ ਉੱਗੇ ਘਾਹ ਵਾਂਗੂੰ,
ਸਾਨੂੰ ਮਾਹੀ ਵੇਖਣ ਆਇਆ ਨਾ।
ਅਸੀਂ ਮੁੜ-ਮੁੜ ਉੱਗਦੇ-ਸੁੱਕਦੇ ਰਹੇ,
ਮਹਿਰਮ ਨੇ ਫੇਰਾ ਪਾਇਆ ਨਾ।
ਅਸੀਂ ਇਸ਼ਕ ਦੇ ਬਾਗ਼-ਬਗੀਚੇ 'ਚੋਂ,
ਸਭ ਹੁਸਨਾਂ ਦੇ ਫੁੱਲ ਝਾੜ ਲਏ।
ਸਾਨੂੰ ਮਾਲੀ ਸਿੰਜਣ ਆਇਆ ਨਾ,
ਅਸੀਂ ਲੱਗੇ ਬਾਗ਼ ਉਜਾੜ ਲਏ।
ਸਾਡਾ ਸਾਕ-ਸ਼ਰੀਕਾ ਏਦਾਂ ਦਾ,
ਜਿਵੇਂ ਬੱਦਲ਼ ਵਿਚ ਹਵਾ ਰਹਿੰਦਾ।
ਸਾਨੂੰ ਇਸ਼ਕ ਕਲ਼ਾਵੇ ਇੰਵ ਵਲ਼ਿਆ,
ਜਿਵੇਂ ਮੂਸਾ ਨਾਲ਼ ਖ਼ੁਦਾ ਰਹਿੰਦਾ।
ਅਸੀਂ ਕਿਵੇਂ ਟਿਕਾਣੇ ਲੱਗਣਾ ਏਂ,
ਸਾਨੂੰ ਇਲਮ ਕਿਸੇ ਸਮਝਾਇਆ ਨਾ।
ਅਸੀਂ ਆਪਣੇ ਰਸਤੇ ਆਪ ਚੁਣੇ,
ਸਾਨੂੰ ਲੀਹ 'ਤੇ ਤੁਰਨਾ ਆਇਆ ਨਾ।
ਅਸੀਂ ਬਿਰਹੇ ਦਾ ਮੁੱਖ ਧੋਂਦੇ ਰਹੇ,
ਸਾਡੇ ਨੈਣੋਂ ਸੁੱਕਦਾ ਆਬ ਗਿਆ ।
ਸਾਨੂੰ ਏਦਾਂ ਵੰਡਿਆ ਦੁਨੀਆ ਨੇ,
ਜੀਕਣ ਵੰਡਿਆ ਪੰਜਾਬ ਗਿਆ ।
ਸਾਡੀ ਹਿੱਕੜੀ ਵਿਚ ਸਿਆਲ਼ ਪਿਆ,
ਦਿਲ ਕੰਬਿਆ ਤੇ ਕੁਰਲਾਇਆ ਏ।
ਸਾਨੂੰ ਸੂਰਜ ਧੁੱਪਾਂ ਨਿਘੀਆਂ ਦਾ,
ਨਜ਼ਰਾਨਾ ਦੇਵਣ ਆਇਆ ਏ।
ਸਾਡੇ ਪੈਰੀਂ ਸਗਲੇ ਚੁਭਦੇ ਨੇ,
ਜੋ ਖੇੜਿਆਂ ਵੱਲੋਂ ਪਾਏ ਨੇ।
ਸਾਡੇ ਸਿਰ ਤੋਂ ਇਸ਼ਕ ਉਤਾਰਨ ਲਈ,
ਵੱਗ ਮਾਂਦਰੀਆ ਦੇ ਆਏ ਨੇ।
ਅਸੀਂ ਚੂਚਕ ਦੇ ਸ਼ਮਲੇ ਵਿਚਲੇ,
ਮਾਵੇ ਦੀ ਹਾਮੀ ਭਰ ਬੈਠੇ।
ਹੁਣ ਹੁਕਮ-ਤਲਾਫ਼ੀ ਨਹੀਂ ਹੋਣੀ,
ਅਸੀਂ ਕੌਲ ਅਵੱਲਾ ਕਰ ਬੈਠੇ।
ਸਾਨੂੰ ਆਖ ਕੇ ਸੁਰਮਾ ਨੈਣਾਂ ਦਾ,
ਕਿਸੇ ਰੜਕ ਮਾਰ ਕੇ ਪਾਇਆ ਏ।
ਕਿਸੇ ਟਿੱਲੇ ਬੈਠੇ ਜੋਗੀ ਨੂੰ,
ਬੇਲੇ ਦਾ ਚੇਤਾ ਆਇਆ ਏ।
ਕਾਸੇ 'ਚੋਂ ਯਾਰ ਨੂੰ ਤੱਕਿਆ ਏ,
ਮੋਢੇ 'ਤੇ ਬਗ਼ਲ਼ੀ ਪਾਈ ਏ।
ਸੁਫਨੇ ਦੇ ਵਿੱਚੋਂ ਜਾਗੇ ਹਾਂ,
ਬੁੱਲ੍ਹਾਂ ਨੂੰ ਵੰਝਲ਼ੀ ਲਾਈ ਏ।
ਧੜਕਣ ਦੇ ਕੋਹਲੂ ਯਾਦਾਂ ਦਾ,
ਅਸੀਂ ਤਾਰਾ-ਮੀਰਾ ਕੱਢਣਾ ਏ।
ਬੱਸ ਇਸ਼ਕ ਦੀ ਹਿੰਡ ਪੁਗਾਉਣੀ ਏ,
ਤੇ ਵਸਲ ਦਾ ਫਾਹਾ ਵੱਢਣਾ ਏਂ।
ਅਸੀਂ ਨੈਣੀਂ ਵੱਸੇ ਲੋਕਾਂ ਨੂੰ,
ਬੜੀ ਨਜ਼ਰ ਬਚਾ ਕੇ ਮਿਲ਼ਦੇ ਹਾਂ।
ਅਸੀਂ ਜੱਗ ਤੋਂ ਪਰਦਾ ਰੱਖਦੇ ਹਾਂ,
ਅਸੀਂ ਸ਼ਾਇਰ ਹੌਲ਼ੇ ਦਿਲ ਦੇ ਹਾਂ।



ਰਿਤੂ ਵਾਸੂਦੇਵ

## ਸਿੰਘ ਤੇ ਕੌਰ

ਜਿਨ੍ਹਾਂ ਲਿਖਿਆ ਉਹਨਾਂ ਤੇ ਵਿਸ਼ਵਾਸ ਨਹੀਂ
ਆਪਾ ਨਵਾਂ ਇਤਿਹਾਸ ਰਚ ਆਵਾਂਗੇ
ਮਾਤਾ ਗੁਜਰੀ ਨੂੰ ਕੌਰ ਬਣਾ ਦਿੱਤਾ, ਮਰਦਾਨੇ ਨੂੰ ਸਿੰਘ ਸਜ਼ਾਵਾਂਗੇ

ਜੋ ਨਹੀਂ ਆਖਿਆ ਸੀ ਉਹਨਾਂ ਨੇ ਉਹ ਸਭ ਕੁਝ ਆਪਾ ਕਰਨਾ
ਕੋਈ ਆਂਚ ਨਾ ਆਵੇ ਸਿੱਖੀ ਤੇ ਕਿਸੇ ਹੋਰ ਨਾਲ ਨਹੀਂ ਖੜਨਾਂ
ਅਮ੍ਰਿਤ ਨੂੰ ਅਮ੍ਰਿਤ ਨਹੀਂ ਕਹਿਣਾ ਖੰਡੇ ਦੀ ਪਾਹੁਲ ਛਕਾਵਾਗੇ
ਮਾਤਾ ਗੁਜਰੀ ਨੂੰ ਕੌਰ ਬਣਾ ਦਿੱਤਾ ਮਰਦਾਨੇ ਨੂੰ ਸਿੰਘ ਸਜ਼ਾਵਾਂਗੇ

ਬਾਣੀ ਤੇ ਅਧਿਕਾਰ ਸਾਡਾ ਨਹੀਂ ਪੜ੍ਹਨ ਦੇਣੀ ਇਹ ਹੋਰਾਂ ਨੂੰ
ਆਪਾ ਜਿੰਨੇ ਕੱਟੜਪੰਥੀ ਆ ਰਲ ਨੱਥ ਪਾਵਾਂਗੇ ਚੋਰਾਂ ਨੂੰ
ਤਰਕ ਨਾਲ ਸਮਝਾਉਣਾ ਨਹੀਂ ਡਾਂਗਾਂ ਨਾਲ ਸਮਝਾਵਾਂਗੇ
ਮਾਤਾ ਗੁਜਰੀ ਨੂੰ ਕੌਰ ਬਣਾ ਦਿੱਤਾ ਮਰਦਾਨੇ ਨੂੰ ਸਿੰਘ ਸਜ਼ਾਵਾਂਗੇ

ਢਾਹ ਸਿੱਖੀ ਨੂੰ ਲਾਕੇ ਹੱਟਣਾ ਕਈਆ ਨੇ ਸੌਂਹ ਚੱਕੀ
ਗੁਰਮੀਤ ਡਮਾਣੇ ਵਾਲਿਆ ਹੋ ਜਾਉ ਸਾਲ ਦੇ ਵਿੱਚ ਤਰੱਕੀ
ਪ੍ਰਚਾਰ ਕਰਨ ਲਈ ਸਿੱਖੀ ਦਾ ਇੱਕ ਵੱਖਰਾ ਰਾਹ ਅਪਣਾਵਾਗੇ
ਮਾਤਾ ਗੁਜਰੀ ਨੂੰ ਕੌਰ ਬਣਾਂ ਦਿੱਤਾ ਮਰਦਾਨੇ ਨੂੰ ਸਿੰਘ ਸਜ਼ਾਵਾਂਗੇ



ਗੁਰਮੀਤ ਡੁਮਾਣਾ
ਲੋਹੀਆਂ ਖਾਸ
ਜਲੰਧਰ



# ਸਿੱਖ ਇਤਿਹਾਸ: ਸ੍ਰੀ ਗੁਰੂ ਨਾਨਕ ਦੇਵ ਜੀ

ਜੋੜਨ ਲਈ ਪਿਛਲਾ ਅੰਕ ਦੇਖੋ

ਉਹ ਬਹਾਦਰ ਸ਼ਾਹ ਤੋਂ ਵਖਰੇ ਹੋ ਗਏ ਭਾਵੇਂ ਗੁਰੂ ਜੀ ਕੋਲ ਅਨੇਕਾਂ ਹੀ ਇਹੋ ਜਿਹੇ ਸਿੰਘ ਸਨ ਜਿਨ੍ਹਾਂ ਤੇ ਗੁਰੂ ਜੀ ਨੂੰ ਪੂਰਾ ਭਰੋਸਾ ਸੀ ਪਰ ਉਨ੍ਹਾਂ ਦੀ ਪਾਰਖੂ ਅੱਖ ਨੇ ਇਕ ਇਹੇ ਜਿਹੇ ਅਜਨਬੀ ਦੀ ਚੋਣ ਕੀਤੀ ਜਿਹੜਾ ਗੁਰੂ ਜੀ ਦੇ ਸੰਪਰਕ ਵਿਚ ਕੁਝ ਚਿਰ ਪਹਿਲਾਂ ਹੀ ਆਇਆ ਸੀ ਇਹ ਬੈਰਾਗੀ ਸੀ ਜਿਸਦਾ ਜਨਮ ਪੱਛਮੀ ਕਸ਼ਮੀਰ ਦੇ ਜਿਲ੍ਹਾ ਪੁਣਛ ਦੇ ਰਜੋਰੀ ਪਿੰਡ ਵਿਚ ਹੋਇਆ ਉਨ੍ਹਾਂ ਦੇ ਪਿਤਾ ਜੀ ਦਾ ਨਾਂ ਰਾਜਦੇਵ ਰਾਜਪੂਤ ਅਤੇ ਮਾਤਾ ਜੀ ਦਾ ਨਾਂ ਸੁਲੱਖਣੀ ਦੇਵੀ ਸੀ ਉਨ੍ਹਾਂ ਦੇ ਬਚਪਨ ਦਾ ਨਾਂ ਲਛਮਣ ਦੇਵ ਸੀ ਬਚਪਨ ਵਿਚ ਹੀ ਉਨ੍ਹਾਂ ਦੇ ਮਾਤਾ ਪਿਤਾ ਦਾ ਦੇਹਾਂਤ ਹੋ ਗਿਆ ਅਤੇ ਆਪਣੇ ਚਾਚਾ ਅਤੇ ਚਾਚੀ ਨੇ ਉਨ੍ਹਾਂ ਨੂੰ ਬਹੁਤ ਤੰਗ ਕੀਤਾ। ਉਨ੍ਹਾਂ ਨੂੰ ਸ਼ਸਤਰ ਵਿਦਿਆ ਅਤੇ ਸ਼ਿਕਾਰ ਦਾ ਬੜਾ ਸ਼ੋਕ ਸੀ ਇਕ ਦਿਨ ਉਨ੍ਹਾਂ ਨੇ ਇਕ ਗਰਭਵਤੀ ਹਿਰਨੀ ਦਾ ਸ਼ਿਕਾਰ ਕੀਤਾ ਉਹ ਤਾਂ ਮਰ ਹੀ ਗਈ ਸੀ ਨਾਲੇ ਉਨ੍ਹਾਂ ਨੇ ਹਿਰਨੀ ਦੇ ਪੇਟ ਵਿਚੋਂ ਦੋ ਬੱਚਿਆਂ ਨੂੰ ਨਿਕਲਕੇ ਤੜਪ-ਤੜਪ ਕੇ ਮਰਦੇ ਵੀ ਦੇਖਿਆ ਸੀ ਇਹ ਦ੍ਰਿਸ਼ ਉਨ੍ਹਾਂ ਲਈ ਅਸਹਿ ਸੀ ਤੇ ਉਨ੍ਹਾਂ ਨੇ ਆਪਣਾ ਅਗਲਾ ਜੀਵਨ ਤਿਆਗੀ ਦੇ ਰੂਪ ਵਿਚ ਲੰਘਾਉਣ ਦਾ ਫੈਸਲਾ ਕਰ ਲਿਆ ਤੇ ਇਸ ਘਟਨਾ ਤੋਂ ਬਾਅਦ ਉਨ੍ਹਾਂ ਨੂੰ ਇੰਨਾ ਬੈਰਾਗ ਹੋਇਆ ਤੇ ਉਹ ਇਕ ਵੈਸ਼ਨੋ ਸਾਧੂ ਜਾਨਕੀ ਪ੍ਰਸਾਦ ਦੇ ਚੇਲੇ ਬਣ ਗਏ ਤੇ ਘਰ-ਬਾਰ ਤਿਆਗ ਕੇ ਥਾਂ-ਥਾਂ ਤੇ ਫਿਰਨ ਲੱਗ ਗਏ ਸਾਧੂ ਜਾਨਕੀ ਪ੍ਰਸ਼ਾਦ ਨੇ ਉਨ੍ਹਾਂ ਦਾ ਨਾਂ ਮਾਧੋ ਦਾਸ ਰਖਿਆ ਬੈਰਾਗੀਆਂ ਦੀ ਟੋਲੀ ਨਾਲ ਘੁਮਦੇ ਘੁਮਦੇ ਪੰਜਾਬ ਆਏ ਅਤੇ ਸਾਧੂ ਰਾਮਦਾਸ ਦੇ ਚੇਲੇ ਬਣ ਗਏ ਫੇਰ ਉਹ ਪੰਜਾਬ ਤੋਂ ਦੱਖਣ ਵੱਲ ਚਲੇ ਗਏ ਅਤੇ ਨਾਸਕ ਪਹੁੰਚ ਕੇ ਔਘੜਨਾਥ ਯੋਗੀ ਦੇ ਚੇਲੇ ਬਣ ਗਏ ਅਤੇ ਉਨ੍ਹਾਂ ਨੇ ਦੱਖਣ ਵਿਚ ਬਹੁਤ ਸਾਰੇ ਹਿੰਦੂ ਮਠਾਂ ਦੀ ਯਾਤਰਾ ਕੀਤੀ ਅਤੇ ਬਹੁਤ ਸਮਾਂ ਕੇਂਦਰੀ ਭਾਰਤ ਵਿਚ ਬਿਤਾਇਆ ਅਤੇ ਤਪ ਕਰਕੇ ਬਹੁਤ ਸਾਰੀਆਂ ਰਿਧੀਆਂ ਸਿਧੀਆਂ (ਕਰਾਮਾਤੀ ਸ਼ਕਤੀਆ )ਪ੍ਰਾਪਤ ਕੀਤੀਆਂ ਅਤੇ ਔਘੜਨਾਥ ਯੋਗੀ ਦੀ ਮੌਤ ਤੋਂ ਬਾਅਦ ਉਨ੍ਹਾਂ ਨੇ ਨਦੇੜ ਵਿਚ ਗੋਦਾਵਰੀ ਨਦੀ ਦੇ ਕੰਡੇ ਇਕ ਰਮਣੀਕ ਥਾਂ ਤੇ ਆਪਣਾ ਡੇਰਾ ਕਾਇਮ ਕਰਕੇ ਬਹੁਤ ਪ੍ਰਸਿਧੀ ਪ੍ਰਾਪਤ ਕਰ ਲਈ ਗੁਰੂ ਜੀ ਬੁਰਹਾਨ ਪੁਰ ਪਹੁੰਚੇ ਅਤੇ ਉੱਥੇ ਦੇ ਇਕ ਜੋਗੀ ਜੀਵਨ ਦਾਸ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ ਦਾਦੂ ਪੰਥੀਂਆਂ ਦਾ ਮਹੰਤ ਜੈਤਰਾਮ ਵੀ ਉਥੇ ਆਇਆ ਹੋਇਆ ਸੀ ਜਦੋਂ ਉਸਨੂੰ ਗੁਰੂ ਜੀ ਦੇ ਦੱਖਣ ਜਾਣ ਦਾ ਪਤਾ ਲੱਗਿਆ ਤਾਂ ਉਸਨੇ ਨਦੇੜ ਵਿਚ ਰਹਿਣ ਵਾਲੇ ਬੈਰਾਗੀ ਮਾਧੋ ਦਾਸ ਦਾ ਜ਼ਿਕਰ ਕੀਤਾ ਉਹ ਬੈਰਾਗੀ ਆਏ ਸਾਧਾਂ ਸੰਤਾਂ ਦੀ ਸੇਵਾ ਭੀ ਬਹੁਤ ਕਰਦਾ ਸੀ ਪਰ ਉਨ੍ਹਾਂ ਨਾਲ ਮਸਖ਼ਰਾਪਨ ਵੀ ਕਰ ਦਿੰਦਾ ਸੀ ਉਹ੍ਹਾਂ ਨੂੰ ਆਪਣੇ ਪਲੰਘ ਉੱਤੇ ਬਿਠਾਕੇ ਆਪਣੀ ਕਰਾਮਾਤ ਨਾਲ ਪਲੰਘ ਨੂੰ ਉਲਟਾ ਦਿੰਦਾ ਸੀ ਉਸਨੇ ਉਹੀ ਗੁਰੂ ਗੋਬਿੰਦ ਸਿੰਘ ਜੀ ਨਾਲ ਭੀ ਕਰਨ ਦੀ ਕੋਸ਼ਿਸ਼ ਕੀਤੀ ਜੋ ਉਸਨੂੰ ਸਿੰਘਾਂ ਦੇ ਨਾਲ ਮਾਧੋਦਾਸ ਦੇ ਡੇਰੇ ਵਿਚ ਸਤੰਬਰ 1708 ਗਏ ਸਨ ਅਤੇ ਪਲੰਘ ਤੇ ਬੈਠ ਗਏ ਮਾਧੋਦਾਸ ਨੇ ਆਪਣੇ ਸੁਭਾਵ ਦੇ ਅਨੁਸਾਰ ਮਖੌਲ ਕਰਨਾ ਚਾਹਿਆ ਪਰ ਉਹ ਕਾਮਯਾਬ ਨਾ ਹੋ ਸਕਿਆ ਆਖ਼ਰ ਆਪਣੀ ਮਾਨਸਕ ਤਾਕਤ ਦਾ ਮਾਣ ਛੱਡ ਕੇ ਮਾਧੋਦਾਸ ਸਤਿਗੁਰੂ ਜੀ ਦੇ ਚਰਨਾ ਤੇ ਆ ਪਿਆ ਗੁਰੂ ਜੀ ਨੇ ਮਾਧੋਦਾਸ ਨੂੰ ਅੰਮ੍ਰਿਤ ਛਕਾਕੇ ਸਿੰਘ ਸਜਾ ਦਿੱਤਾ ਅਤੇ ਨਾਂ ਰੱਖਿਆ ਗੁਰਬਕਸ਼ ਸਿਘ ਕਿਉਂਕਿ ਸਤਿਗੁਰੂ ਜੀ ਨੂੰ ਪਹਿਲੀ ਵਾਰ ਮਿਲਦਿਆਂ ਉਸਨੇ ਆਪਣੇ ਆਪ ਨੂੰ ਉਨ੍ਹਾਂ ਦਾ ਬੰਦਾ ਦੱਸਿਆ ਸੀ ਪਹਿਲਾਂ ਉਹ ਸਾਧ ਸੀ ਤੇ ਲੋਕ ਉਸਨੂੰ ਬਾਬਾ ਜੀ ਕਹਿਕੇ ਬਲਾਉਂਦੇ ਸਨ ਸਿੰਘ ਸਜਨ ਤੋਂ ਬਾਅਦ ਉਹ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂ ਨਾਲ ਪ੍ਰਸਿਧ ਹੋ ਗਏ। ਬੰਦਾ ਸਿੰਘ ਬਹਾਦਰ ਅਮ੍ਰਿਤ ਛਕਣ ਤੋਂ ਬਾਅਦ ਬਹਾਦਰੀ ਦੀ ਅਜਿਹੀ ਮਿਸਾਲ ਬਣਿਆਂ ਸ਼ਾਇਦ ਕਿਸੇ ਹੋਰ ਧਰਮ ਵਿਚ ਨਾ ਮਿਲੇ।ਬੰਦਾ ਸਿੰਘ ਨੇ ਗੁਰੂ ਜੀ ਅਤੇ ਉਨ੍ਹਾਂ ਦੇ ਪਰਿਵਾਰ ਅਤੇ ਸਿੱਖਾਂ ਤੇ ਮੁਗਲਾਂ ਵੱਲੋਂ ਹੋਏ ਜੁਲਮਾਂ ਬਾਰੇ ਸੁਣਿਆਂ ਕਿ ਕਿਵੇਂ ਵਜੀਰ ਖਾਂ ਨੇ ਛੋਟੇ ਸਹਿਬਜਦਿਆਂ ਨੂੰ ਦਿਵਾਰ ਵਿਚ ਚੁਣਕੇ ਕੋਹਕੇ ਮਾਰਿਆ ਸੀ ਅਤੇ ਵੱਡੇ ਸਹਿਬਜਾਦੇ ਚਮਕੌਰ ਦੀ ਲੜਾਈ ਵਿਚ ਸ਼ਹੀਦ ਹੋਏ ਪੰਜਵੇਂ ਪਾਤਸ਼ਾਹ ਸਿਰੀ ਗੁਰੂ ਅਰਜਨ ਦੇਵ ਜੀ ਅਤੇ ਨੌਂਵੇਂ ਪਾਤਸ਼ਾਹ ਸਿਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਵੀ ਸੁਣਿਆਂ ਆਨੰਦਪੁਰ ਸਾਹਿਬ,ਚਮਕੌਰ ਸਾਹਿਬ ਅਤੇ ਮੁਕਤਸਰ ਦੀਆਂ ਜੰਗਾਂ ਬਾਰੇ ਅਤੇ ਲੜਾਈ ਵਿਚ ਸਿੱਖਾਂ ਦੇ ਕਾਰਨਾਮਿਆਂ ਬਾਰੇ ਬੰਦਾ ਸਿੰਘ ਨੂੰ ਦੱਸਿਆ ਗਿਆ ਗੁਰੂ ਜੀ ਨੂੰ ਇਹ ਜੁਲਮ ਇਸ ਕਰਕੇ ਸਹਾਰਨੇ ਪਏ ਸਨ ਕਿਉਂਕਿ ਗੁਰੂ ਜੀ ਸਦੀਆਂ ਤੋਂ ਲਤਾੜੀਦੇ ਹੋਏ ਗ਼ਰੀਬ ਲੋਕਾਂ ਦੀ ਬਾਂਹ ਪਕੜਕੇ ਉਨ੍ਹਾਂ ਅੰਦਰ ਮਨੁੱਖਤਾ ਜਗਾ ਰਹੇ ਸਨ ।ਉੱਚ ਜਾਤੀਏ ਬ੍ਰਾਹਮਣਾਂ,ਪਹਾੜੀ ਹਿੰਦੂ ਰਾਜਿਆਂ ਤੋਂ ਬਰਦਾਸ਼ਤ ਨਹੀਂ ਸੀ ਹੋਇਆ ਉਹ ਨਹੀਂ ਸਨ ਚਾਹੁੰਦੇ ਕਿ ਗਰੀਬ ਲੋਕ ਉਨ੍ਹਾਂ ਦੇ ਬਰਾਬਰ ਹੋ ਜਾਣ। ਗੁਰੂ ਜੀ ਨੇ ਆਪਣੇ ਤਰਕਸ਼ ਵਿੱਚੋਂ ਪੰਜ ਤੀਰ ਰਣਜੀਤ ਨਗਾਰਾ ਅਤੇ ਨੀਲੇ ਰੰਗ ਦਾ ਝੰਡਾ ਅਤੇ ਪੰਜ ਸਿੱਖ ਦੇਕੇ ਕਿਹਾ ਕਿ ਉਹ ਮੁਗਲ ਹਾਕਮਾਂ ਵਿਰੁਧ ਸੰਘਰਸ਼ ਜਾਰੀ ਰੱਖੇ ਅਤੇ ਸਿੱਖਿਆ ਦਿੰਦੇ ਹੋਏ ਕਿਹਾ ਕਿ ਉਹ ਸਦਾਚਾਰ ਪੱਖੋਂ ਬਿਲਕੁਲ ਪਵਿਤਰ ਰਹੇ ਅਤੇ ਦੂਜੀਆਂ ਇਸਤਰੀਆਂ ਦਾ ਸਤਿਕਾਰ ਕਰੇ, ਉਹ ਕਥਨੀ ਅਤੇ



ਕਰਨੀ ਵਿਚ ਸੱਚਾ ਸਿਧ ਹੋਵੇ ਆਪਣੇ ਆਪ ਨੂੰ ਖਾਲਸੇ ਦਾ ਦਾਸ ਸਮਝੇ ਜਿਹੜਾ ਗਾਹਾਂ ਗੁਰੂ ਰੂਪ ਹੋਵੇਗਾ ਆਪਣੇ ਆਪ ਨੂੰ ਗੁਰੂ ਨਹੀਂ ਮੰਨਣਾ ਅਨਾਥਾਂ, ਦੁਖੀਆਂ ਦੀ ਸਹਾਇਤਾ ਕਰਨੀ ਬੇਗੁਨਾਹਾਂ ਨੂੰ ਤੰਗ ਨਹੀਂ ਕਰਨਾ ਵਾਹੇਗੁਰੂ ਤੇ ਭਰੋਸਾ ਰੱਖਣਾ ਪੰਜ ਸਿੰਖਾਂ ਬਾਜ ਸਿੰਘ , ਬਾਜ ਸਿੰਘ ਦਾ ਭਰਾ ਰਾਮ ਸਿੰਘ, ਬਿਨੋਦ ਸਿੰਘ ਅਤੇ ਉਨ੍ਹਾਂ ਦਾ ਪੁੱਤਰ ਕਾਹਨ ਸਿੰਘ ਅਤੇ ਫਤਹਿ ਸਿੰਘ ਜਿਹੜੇ ਉਸਦੇ ਨਾਲ ਭੇਜੇ ਗਏ ਸਨ ਦੀ ਸਲਾਹ ਅਨੁਸਾਰ ਕੰਮ ਕਰੇ ।ਬੰਦਾ ਸਿੰਘ ਬਹਾਦਰ ਖਾਲਸੇ ਦੇ ਜੱਥੇਦਾਰ (ਕਮਾਂਡਰ) ਵਜੋਂ ਸਿਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਸ਼ੀਰਵਾਦ ਨਾਲ ਪੰਝੀ ਸਿੰਘਾਂ ਨਾਲ ਦੱਖਣ ਤੋਂ ਉੱਤਰ ਵੱਲ ਵਧਿਆ ਅਤੇ ਸਿਹਰੀ ਅਤੇ ਖੰਡਾ ਜਿਹੜੇ ਖਰਖੋਡਾ ਦੇ ਪਰਗਨੇ ਵਿਚ ਸਨ ਉੱਥੋਂ ਉਸਨੇ ਪੰਜਾਬ ਦੇ ਸਿੱਖਾਂ ਨੂੰ ਸਿਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ ਭੇਜੇ ਕਿ ਸਿੱਖੋ ਮੇਰੇ ਕੋਲ ਤੁਹਾਨੂੰ ਦੇਣ ਵਸਤੇ ਕੁਝ ਨਹੀਂ ਹੈ ਕੇਵਲ ਸਿਰੀ ਗੁਰੂ ਗੋਬਿੰਦ ਸਿੰਘ ਜੀ ਦਾ ਸੰਦੇਸ਼ ਲੈਕੇ ਆਇਆ ਹਾਂ ਅਤੇ ਲੋਕਾਂ ਨੂੰ ਅਨੀਆਏ ਦੇ ਖ਼ਿਲਾਫ਼ ਲੜਣ ਲਈ ਸ਼ਾਮਲ ਹੋਣ ਵਾਸਤੇ ਕਿਹਾ ਕਿਉਕਿਂ ਸਿੱਖਾਂ ਨੂੰ ਇਹ ਸਭ ਜਾਨਕਾਰੀ ਸੀਗੀ ਕਿ ਮੁਸਲਮਾਨ ਨੇ ਗੁਰੂ ਸਾਹਿਬਾਨਾਂ ਨਾਲ਼ ਕੀ ਕੀ ਜੁਲਮ ਢਾਏ ਸਨ ਇਸ ਕਰਕੇ ਸਿੱਖ ਬੰਦਾ ਸਿੰਘ ਬਹਾਦਰ ਜੀ ਕੋਲ ਆਕੇ ਇਕਠੇ ਹੋਣ ਲੱਗ ਗਏ ਉਸਨੇ ਦੱਸਿਆ ਕਿ ਉਹ ਸਰਹੰਦ ਦੇ



Bhagwan Singh Tagar

ਸੂਬੇਦਾਰ (ਗਵਰਨਰ) ਵਜੀਰ ਖਾਨ ਅਤੇ ਉਸਦੇ ਹਿੰਦੂ ਵਜੀਰ ਸੁੱਚਾ ਨੰਦ ਨੂੰ ਸਜਾ ਦੇਣ ਲਈ ਆ ਰਿਹਾ ਹੈ ਕਿਉਂਕਿ ਉਸਨੇ ਗੁਰੂ ਜੀ ਦੇ ਛੋਟੇ ਸਾਹਿਬਜਾਦਿਆਂ ਦਾ ਕਤਲ ਕੀਤਾ ਸੀ ਅਤੇ ਉਹ ਪਹਾੜੀ ਰਾਜਿਆਂ ਨੂੰ ਵੀ ਸਜਾ ਦੇਣਾ ਚਾਹੁੰਦਾ ਹੈ ਜਿਨ੍ਹਾਂ ਨੇ ਗੁਰੂ ਜੀ ਨਾਲ ਬੁਰਾ ਵਰਤਾਵ ਕੀਤਾ ਸੀ ਬਾਬਾ ਬੰਦਾ ਸਿੰਘ ਬਹਾਦਰ ਨੇ ਆਦੇਸ਼ ਜਾਰੀ ਕੀਤਾ ਕਿ ਜਿਸ ਕਿਸੇ ਨੂੰ ਚੋਰ- ਡਾਕੂ ਜਾਂ ਲੁਟੇਰਿਆਂ ਤੋਂ ਖਤਰਾ ਹੋਵੇ ਤੇ ਜਾਂ ਕਿਸੇ ਨੂੰ ਨਿਆਂ ਨਾ ਮਿਲਿਆ ਹੋਵੇ ਉਹ ਉਨ੍ਹਾਂ ਦੀ ਪੂਰੀ ਪੂਰੀ ਹਿਫ਼ਾਜਤ ਕਰੇਗਾ ਹਾਲਾਤ ਤਾਂ ਪਹਿਲਾਂ ਹੀ ਭੜਕੇ ਹੋਏ ਸਨ ਬਸ ਇਹ ਐਲਾਨ ਇਕ ਚਿੰਗਾਰੀ ਸਿੱਧ ਹੋਈ ਸਾਰੇ ਪਾਸਿਉਂ ਸਿੱਖ ਆਕੇ ਬਾਬਾ ਬੰਦਾ ਸਿੰਘ ਬਹਾਦਰ ਦੇ ਝੰਡੇ ਥੱਲੇ ਇੱਕਠੇ ਹੋ ਗਏ ਭਾਈ ਫਤਹਿ ਸਿੰਘ, ਜਿਹੜਾ ਭਾਈ ਭਗਤੂ ਦੇ ਵੰਸ਼ ਵਿੱਚੋਂ ਸੀ, ਕਰਮ ਸਿੰਘ,ਧਰਮ ਸਿੰਘ ,ਨਗਾਹੀਆ ਸਿੰਘ, ਅਤੇ ਚੂਹੜ ਸਿੰਘ ਜਿਹੜੇ ਭਾਈ ਰੂਪਾ ਦੇ ਵੰਸ਼ ਵਿੱਚੋਂ ਸਨ ਅਤੇ ਉਹ ਪਹਿਲੇ ਆਦਮੀਆਂ ਚੋਂ ਸਨ ਜਿਹੜੇ ਆਪਣੇ ਨਾਲ ਅਦਮੀ ਅਤੇ ਪੈਸਾ ਲੈਕੇ ਆਏ ਸਨ , ਸਲੌਦੀ ਦੇ ਹੋਰ ਸਿੱਖਾਂ ਨੂੰ ਨਾਲ ਲੈਕੇ ਆਲੀ ਸਿੰਘ ਅਤੇ ਮਾਲੀ ਸਿੰਘ ਵੀ ਆਏ, ਫੂਲਕੀਆਂ ਖਾਨਦਾਨ ਦੇ ਚੌਧਰੀ ਰਾਮ ਸਿੰਘ ਅਤੇ ਤਿਲੋਕ ਸਿੰਘ ਨੇ ਬੜੀ ਖੁਲ੍ਹਦਿਲੀ ਨਾਲ ਬਾਬਾ ਬੰਦਾ ਸਿੰਘ ਬਹਾਦਰ ਦੀ ਮਦਦ ਕੀਤੀ ਅਤੇ ਕੁਝ ਹੀ ਮਹੀਨਿਆਂ ਵਿਚ ਸਾਰੀ ਕਿਸਾਨ ਸ੍ਰੇਣੀ ਸਰਹੰਦ ਤੋਂ ਬਦਲਾ ਲੈਣ ਲਈ ਤਿਆਰ ਹੋ ਗਈ ਸਿੱਖਾਂ ਨੇ ਵਜੀਰ ਖਾਨ ਤੋਂ ਇਕ ਹੋਰ ਗੱਲ ਦਾ ਵੀ ਬਦਲਾ ਲੈਣਾ ਸੀ ਉਹ ਇਹ ਸੀ ਕਿ ਕਿਹੜਾ ਜੁਲਮ ਸੀ ਜਿਹੜਾ ਵਜੀਰ ਖਾਨ ਨੇ ਸਿੱਖਾਂ ਤੇ ਅਤੇ ਗੁਰੂ ਜੀ ਅਤੇ ਉਨ੍ਹਾਂ ਦੇ ਪਰਿਵਾਰ ਤੇ ਨਹੀਂ ਸੀ ਢਾਇਆ ਬੰਦਾ ਸਿੰਘ ਦਿੱਲੀ ਦੇ ਗੁਆਂਢੋਂ ਤੁਰ ਪਿਆ ਅਤੇ ਜਰਨੈਲੀ ਸੜਕ ਤੇ ਉੱਤਰ ਦਿਸ਼ਾ ਵੱਲ ਤੁਰਦਾ ਹੋਇਆ ਸੋਨੀਪਤ ਵਿਚ ਦਾਖਲ ਹੋਇਆ ਅਤੇ ਰਾਹ ਵਿਚ ਆਉਂਦੀਆਂ ਸਾਰੀਆਂ ਮੁਸਲਮਾਨ ਥਾਂਵਾਂ ਨੂੰ ਬਰਬਾਦ ਕਰਦਾ ਗਿਆ ਉਸਨੇ ਸਰਕਾਰੀ ਖਜਾਨਾ ਅਤੇ ਦੌਲਤਮੰਦ ਲੋਕਾਂ ਨੂੰ ਲੁਟਿਆ ਅਤੇ ਉਹ ਸਭ ਆਪਣੇ ਆਦਮੀਆਂ ਵਿਚ ਵੰਡ ਦਿੱਤਾ ਭੂਣਾ ਪਿਡ ਵਿੱਚੋਂ ਲੰਘਦੀ ਸਰਕਾਰੀ ਖਜਾਨੇ ਦੀ ਟੁਕੜੀ ਤੇ ਹਮਲਾ ਕਰਕੇ ਖਜਾਨਾ ਲੁੱਟ ਲਿਆ ਕੈਥਲ ਵਿਚ ਕੋਈ ਖਾਸ ਵਿਰੋਧ ਨਹੀਂ ਹੋਇਆ ਅਤੇ ਉਹ ਲੱਟਮਾਰ ਤੋਂ ਬਚ ਗਿਆ ਪਰ ਕੈਥਲ ਦੇ ਅਧਿਕਾਰੀਆਂ ਨੂੰ ਜਦੋਂ ਖਜਾਨੇ ਦੇ ਲੁੱਟੇ ਜਾਣ ਦੀ ਖ਼ਬਰ ਮਿਲੀ ਤਾਂ ਉਨ੍ਹਾਂ ਨੇ ਖਜਾਨਾ ਹਾਸਲ ਕਰਨ ਵਾਸਤੇ ਲੜਾਈ ਕੀਤੀ ਤਾਂ ਸਿੱਖਾਂ ਦੀ ਜਿੱਤ ਹੋਈ।26 ਨਵੰਬਰ 1709 ਨੂੰ ਸਵੇਰੇ ਸਵੇਰੇ ਚਾਣ ਚੱਕ ਹੀ ਬੰਦਾ ਸਿੰਘ ਨੇ ਸਮਾਣੇ ਤੇ ਹਮਲਾ ਕਰ ਦਿੱਤਾ। ਜਲਾਦ ਜਲਾਲੁ ਉਦ-ਦੀਨ ਜਿਸਨੇ ਸਿਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਸੀ ਸਮਾਣੇ ਦਾ ਸੀ ਗੁਰੂ ਜੀ ਦੇ ਸਾਹਿਬਜਾਦਿਆਂ ਨੂੰ ਸ਼ਹੀਦ ਕਰਨ ਵਾਲੇ ਸ਼ਾਸ਼ਲ ਬੇਗ ਅਤੇ ਬਾਸ਼ਲ ਬੇਗ ਵੀ ਸਮਾਣੇ ਦੇ ਸੀ ਆਨੰਦਪੁਰ ਸਹਿਬ ਤੋਂ ਸਿਰੀ ਗੁਰੂ ਗੋਬਿੰਦ ਸਿਘ ਜੀ ਨੂੰ ਸੋਂਹਾਂ ਖਾਕੇ ਚੁੱਪ ਚਾਪ ਕਿਲ੍ਹਾ ਖਾਲੀ ਕਰਨ ਦੀ ਸਲਾਹ ਜਿਸ ਅਲੀ ਹੁਸੈਨ ਨੇ ਦਿੱਤੀ ਸੀ ਅਤੇ ਫਿਰ ਕਿਲ੍ਹਾ ਛੱਡਣ ਲੱਗਿਆਂ ਪਿੱਛੋਂ ਹਮਲਾ ਕਰਨ ਵਾਲਾ ਵੀ ਅਲੀ ਹੁਸੈਨ ਵੀ ਸਮਾਣੇ ਦਾ ਸੀ । ਇਨ੍ਹਾਂ ਸੱਯਦ ਅਤੇ ਢਨਾਡ ਨਵਾਬਾਂ ਨੇ ਆਪਣੀ ਰਿਹਾਇਸ਼ ਲਈ ਕਿਲ੍ਹਾਨੁਮਾ ਹਵੇਲੀਆਂ ਬਣਾਈਆਂ ਹੋਈਆਂ ਸਨ ।ਇਕ ਰਾਤ ਜਦੋਂ ਇਹ ਨਵਾਬ ਸ਼ਰਾਬ ਅਤੇ ਨਾਚ ਗਾਣਿਆਂ ਦੀ ਮਹਿਫ਼ਲਾਂ ਸਜਾਈ ਬੈਠੇ ਸਨ ਸਿੰਘਾਂ ਨੇ ਅਰਦਾਸ ਕਰਕੇ ਸਮਾਣੇ ਤੇ ਧਾਵਾ ਬੋਲ ਦਿੱਤਾ ਸਿੰਘ ਇੰਨੇ ਰੋਹ ਵਿਚ ਸਨ ਸਮਾਣੇ ਦੀਆਂ ਇਨੀਆਂ ਭੀੜੀਆਂ ਗਲੀਆਂ ਹੋਣ ਦੇ ਬਾਵਜੂਦ ਗਲੀਆਂ ਵਿਚ ਘੁਸ ਗਏ ਪਰ ਉਹ ਘੋੜੇ ਸਮੇਤ ਨਹੀਂ ਸਨ ਜਾ ਸਕਦੇ ਫਤਹਿ ਸਿੰਘ ਨੂੰ ਇਨ੍ਹਾਂ ਗਲੀਆਂ ਦੀ ਜਾਨਕਾਰੀ ਸੀ ਇਸ ਕਰਕੇ ਉਸਨੇ ਸਿੰਘਾਂ ਨੂੰ ਹਵੇਲੀਆਂ ਨੂੰ ਅੱਗ ਦੇ ਹਵਾਲੇ ਕਰਨ ਵਾਸਤੇ ਕਿਹਾ, ਤਿੰਨ ਦਿਨ ਤਕ ਲੜਾਈ ਹੁੰਦੀ ਰਹੀ ਅਤੇ ਸ਼ਹਿਰ ਦੀਆਂ ਸਾਰੀਆਂ ਸ਼ਾਨਦਾਰ ਇਮਾਰਤਾਂ ਖੰਡਰਾਂ ਵਿਚ ਤਬਦੀਲ ਕਰ ਦਿੱਤੀਆਂ ਗਈਆਂ ਲਾਸ਼ਾਂ ਦੇ ਢੇਰ ਲੱਗੇ ਪਏ ਸਨ। ਬਹੁਤ ਸਾਰਾ ਲੁੱਟ ਦਾ ਮਾਲ ਸਿੱਖਾਂ ਦੇ ਹੱਥ ਲੱਗਾ।ਸਿੱਖ ਜੱਥੇਬੰਦੀ ਦੀ ਇਹ ਪਹਿਲੀ ਜਿੱਤ ਸੀ। ਘੁੜਾਮ,ਠੁਸਕਾ,ਸਲਾਹਬਾਦ ਅਤੇ ਮੁਸਤਫ਼ਾਬਾਦ ਦੇ ਸ਼ਹਿਰਾਂ ਤੇ ਹਮਲਾ ਕੀਤਾ ਅਤੇ ਹਮਲਾਵਰਾਂ ਨੇ ਬੰਦਾ ਸਿਘ ਅੱਗੇ ਬਿਨਾਂ ਬਹੁਤਾ ਟਾਕਰਾ ਕੀਤਿਆਂ ਹਾਰ ਮੰਨ ਲਈ ਅਤੇ ਬੰਦਾ ਸਿੰਘ ਅੱਗੇ ਵਧਦਾ ਗਿਆ ਅਤੇ ਉਸਨੇ ਕਪੂਰੀ ਦੇ ਕਸਬੇ ਉੱਤੇ ਹਮਲਾ ਕਰ ਦਿੱਤਾ ਇਸ ਜਗ੍ਹਾ ਦਾ ਕਮਾਂਡਰ ਕਾਦਮ-ਦੀਨ ਆਪਣੀਆਂ ਹਿਰਸੀ ਮੁਹਿਮਾਂ ਵਾਸਤੇ ਬੜਾ ਬਦਨਾਮ ਸੀ ਬੰਦਾ ਸਿੰਘ ਬਹਾਦਰ ਨੇ ਉਸ ਭ੍ਰਿਸ਼ਟਾਚਾਰੀ ਹਾਕਮ ਦੇ ਬਦਚਲਨੀ ਦੇ ਅੱਡਿਆਂ ਨੂੰ ਅਗਨੀ ਭੇਟ ਕਰ ਦਿੱਤਾ ਅਤੇ ਉਸਦੀ ਸੰਪਤੀ ਨੂੰ ਉੜਾ ਦਿੱਤਾ ਕਪੂਰੀ ਦੇ ਹਮਲੇ ਤੋਂ ਬਾਅਦ ਉਹ ਸਢੋਰੇ ਵੱਲ ਵਧਿਆ ਉਥੋਂ ਦੇ ਹਿੰਦੂਆਂ ਨੇ ਬੰਦਾ ਸਿੰਘ ਦੇ ਅਗੇ ਫਰਿਆਦ ਕੀਤੀ ਕਿ ਉਨ੍ਹਾਂ ਨੂੰ ਆਪਣੇ ਮੁਰਦੇ ਸਾੜਣ ਅਤੇ ਧਾਰਮਿਕ ਰਹੁ-ਰੀਤਾਂ ਕਰਨ ਦੀ ਇਜਾਜਤ ਨਹੀਂ ਅਤੇ ਉਨ੍ਹਾਂ ਦੇ ਸਾਹਮਣੇ ਗਊਆਂ ਕਤਲ ਕੀਤੀਆਂ ਜਾਂਦੀਆ ਹਨ ਅਤੇ ਉਨ੍ਹਾਂ ਤੇ ਅਥਾਹ ਜੁਲਮ ਢਾਏ ਜਾਂਦੇ ਹਨ ਦੁਖੀ ਹੋਕੇ ਬਹੁਤ ਸਾਰੇ ਹਿੰਦੂ ਸ਼ਹਿਰ ਛੱਡਣ ਲਈ ਮਜਬੂਰ ਹੋ ਗਏ ਸਨ। ਸਢੌਰੇ ਦੇ ਹਾਕਮ ਉਸਮਾਨ ਖਾਂ ਦਾ ਨਾਂ ਸੁਣ ਕੇ ਸਿੱਖ ਕ੍ਰੋਧ ਵਿਚ ਆ ਜਾਂਦੇ ਸਨ ਕਿਉਂਕਿ ਉਸਨੇ ਇਕ ਮਹਾਨ ਮੁਸਲਮਾਨ ਸੰਤ ਸੱ-ਯਦ-ਬਦਰੁ-ਦੀਨ ਸ਼ਾਹ ਜਿਹੜਾ ਬੁੱਧੂ ਸ਼ਾਹ ਦੇ ਨਾਂ ਨਾਲ ਪ੍ਰਸਿਧ ਸੀ ਨੂੰ ਤਸੀਹੇ ਦੇਕੇ ਇਸ ਕਰਕੇ ਮਾਰ ਦਿੱਤਾ ਸੀ ਕਿਉਂਕਿ ਉਸਨੇ ਭੰਗਾਣੀ ਦੇ ਯੁੱਧ ਵਿਚ ਦਸ਼ਮੇਸ਼ ਪਿਤਾ ਸਿਰੀ ਗੁਰੂ ਗੋਬਿੰਦ ਸਿੰਘ ਦੀ ਸਹਾਇਤਾ ਕੀਤੀ ਸੀ ਅੱਤ ਦੀ ਦੁਖੀ ਕਿਸਾਨ ਸ੍ਰੇਣੀ ਜਿਹੜੀ ਵਿਦਰੋਹ ਕਰਨ ਲਈ ਮੌਕੇ ਦੀ ਭਾਲ ਵਿਚ ਸੀ ਸਢੌਰੇ ਵਿਚ ਆਏ ਸਿੱਖਾਂ ਦੀ ਗਿਣਤੀ ਵਿਚ ਵਾਧਾ ਕੀਤਾ ਅਤੇ ਸ਼ਹਿਰ ਤੇ ਜਬਰਦਸਤ ਹਮਲਾ ਕਰ ਦਿੱਤਾ ਉਤੇਜਿਤ ਹੋਈ ਭੀੜ ਕਾਬੂ ਤੋਂ ਬਾਹਰ ਹੋ ਗਈ ਤੇ ਉਨ੍ਹਾਂ ਨੇ ਕੁਤਬੁਲ ਅਕਤਾਬ ਦੇ ਮਕਬਰੇ ਨੂੰ ਅੱਗ ਲਗਾ ਦਿੱਤੀ ਜਿੱਥੇ ਹਿੰਦੂਆਂ ਨੂੰ ਆਪਣੇ ਮੁਰਦੇ ਲਿਜਾਣ ਲਈ ਮਜਬੂਰ ਕੀਤਾ ਜਾਂਦਾ ਸੀ ਅਤੇ ਜਿਨ੍ਹਾਂ ਸਭ ਦੋਸ਼ੀਆਂ ਨੇ ਸੰਤ ਸੱਯਦ ਬੁੱਧੂ ਸ਼ਾਹ ਦੀ ਹਵੇਲੀ ਵਿਚ ਸ਼ਰਨ ਲੈ ਰੱਖੀ ਸੀ ਉਨ੍ਹਾਂ ਨੂੰ ਕਤਲ ਕਰ ਦਿੱਤਾ ਗਿਆ ਉਦੋਂ ਤੋਂ ਹੀ ਉਸ ਥਾਂ ਦਾ ਨਾਂ ਕਤਲਗੜ੍ਹ ਪੈ ਗਿਆ ਬੰਦਾ ਸਿੰਘ ਸਰਹੰਦ ਦੀ ਜਿੱਤ ਤੋਂ ਪਹਿਲਾਂ ਰਸਤੇ ਵਿਚ ਪੈਂਦੇ ਪਿੰਡ ਛੱਤ ਅਤੇ ਬਨੂੜ ਜਿੱਥੇ ਮੁਗਲਾਂ ਦੀਆਂ ਚੌਕੀਆਂ ਸਨ ਸਿੰਘਾਂ ਨੇ ਆਪਣੇ ਕਬਜੇ ਵਿਚ ਕਰ ਲਈਆਂ।

**(ਚਲਦਾ)**

# ਬੁੱਧ ਚਿੰਤਨ / ਮਸਲਾ-ਏ-ਸ਼ਬਦ ਗੁਰੂ

## ਸ਼ਬਦ ਗੁਰੂ ਤੋਂ ਟੁੱਟਿਆ ਮਨੁੱਖ!

ਮਨੁੱਖ ਜਦ ਤੁਰਦਾ ਹੈ ਤਾਂ ਉਸਦੇ ਨਾਲ.ਨਾਲ ਸ਼ਬਦ ਤੁਰਦਾ ਹੈ, ਇੱਕ ਥਾਂ ਤੋਂ ਦੂਜੀ ਥਾਂ ਤੱਕ। ਸ਼ਬਦ ਵੀ ਸਫਰ ਕਰਦੇ ਹਨ ਪਰ ਸ਼ਬਦਾਂ ਦਾ ਕੋਈ ਸਫਰਨਾਮਾ ਨਹੀਂ ਲਿਖਦਾ। ਮਨੁੱਖ ਨੇ ਜਦ ਵੀ ਸਫਰਨਾਮਾ ਲਿਖਿਆ ਹੈ ਤਾਂ ਉਸਨੇ ਆਪਣੇ ਝੂਠ ਨੂੰ ਸਦਾ ਹੀ ਸੱਚ ਬਣਾਇਆ ਹੈ। ਪਰ ਸ਼ਬਦ ਕਦੇ ਵੀ ਝੂਠ ਨਹੀਂ ਬੋਲਦੇ। ਮਨੁੱਖ ਬੋਲ ਬਾਣੀ ਤੋਂ ਪਰਖਿਆ ਜਾਂਦਾ ਹੈ। ਮਾਹਿਰ ਸ਼ਬਦਾਂ ਦੇ ਪੈਰ ਨੱਪਦੇ ਸੱਚ ਤੱਕ ਪੁਜ ਜਾਂਦੇ ਹਨ। ਗੁਰੂ ਨਾਨਕ ਨੇ ਸਾਨੂੰ ਸ਼ਬਦ ਦੇ ਨਾਲ ਜੋੜਿਆ । ਸ਼ਬਦ ਤੇ ਸੰਗੀਤ ਮਨੁੱਖਤਾ ਦਾ ਬਿਰਤਾਂਤ ਸਿਰ-ਜਦੇ ਹਨ। ਗੁਰੂ ਗੋਬਿੰਦ ਸਿੰਘ ਨੇ ਸਾਨੂੰ ਸ਼ਬਦ ਦੇ ਲੜ ਲਾਇਆ। ਸ਼ਬਦ ਨੂੰ ਗੁਰੂ ਬਣਾਇਆ ਸੀ। ਸ਼ਬਦ ਜਦੋਂ ਗੁਰੂ ਬਣਦਾ ਹੈ ਤਾਂ ਫੇਰ ਉਹ ਸ਼ਬਦ ਨਹੀਂ ਰਹਿੰਦਾ ਸਗੋਂ ਉਹ ਗੁਰੂ ਹੋ ਜਾਂਦਾ ਹੈ। ਪਰ ਅਸੀਂ ਸ਼ਬਦ ਨੂੰ ਕਦੇ ਵੀ ਗੁਰੂ ਨਹੀਂ ਮੰਨਿਆ ਤਾਂ ਅਸੀਂ ਸੰਤਾਪ ਭੋਗ ਰਹੇ ਹਾਂ । ਗੁਰੂ ਜਦੋਂ ਸ਼ਬਦ ਰਾਹੀਂ ਸਾਡੇ ਅੰਦਰ ਵਾਸ ਕਰਦਾ ਹੈ ਤਾਂ ਸਾਡਾ ਅੰਦਰ ਨਿਰਮਲ, ਨਿਰਛਲ ਤੇ ਭੈਅ-ਰਹਿਤ ਹੋ ਜਾਂਦਾ ਹੈ। ਫਿਰ ਮਨ ਅੰਦਰ ਨਾ ਡਰ ਹੁੰਦਾ ਹੈ, ਨਿਰਵੈਰ ਹੁੰਦਾ । ਉਸ ਸਮੇਂ 'ਤੂੰ ਹੀ ਤੂੰ' ਹੁੰਦਾ ਹੈ, ਪਰ ਇਹ ਦੌਰ ਮਨੁੱਖ ਦੇ ਹਿੱਸੇ ਬਹੁਤ ਘੱਟ ਆਉਂਦਾ ਹੈ। ਜਦੋਂ ਮਨੁੱਖ ਸ਼ਬਦ ਦੇ ਲੜ ਲੱਗ ਕੇ ਸ਼ਬਦ-ਗੁਰੂ ਤੱਕ ਪੁੱਜਦਾ ਹੈ ਤਾਂ ਸੰਸਾਰਿਕ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ ਪਰ ਬਹੁਤੀ ਵਾਰ ਤਾਂ ਮਨੁੱਖ ਸ਼ਬਦ ਗੁਰੂ ਤੋਂ ਬਹੁਤ ਪਿੱਛੇ ਰਹਿ ਜਾਂਦਾ ਹੈ। ਸ਼ਬਦ ਅੱਗੇ ਲੰਘ ਜਾਂਦਾ ਹੈ। ਸ਼ਬਦ ਸਾਨੂੰ ਗਿਆਨ ਨਾਲ ਜੋੜ ਕੇ ਧਿਆਨ ਵੱਲ ਲੈ ਕੇ ਜਾਂਦਾ ਹੈ। ਜਦੋਂ ਅਸੀਂ ਧਿਆਨ ਕਰਦੇ ਹਾਂ ਤਾਂ ਸਾਡੇ ਅੰਦਰ ਸੁਪਨਿਆਂ ਦੀ ਤਾਕੀ ਖੁੱਲ੍ਹ ਜਾਂਦੀ ਹੈ। ਉਹ ਤਾਕੀ ਜਿਹੜੀ ਧਿਆਨ ਤੋਂ ਸਮਾਧੀ ਤੱਕ ਦੇ ਸਫ਼ਰ ਵਿੱਚ ਰੁਕਾਵਟ ਬਣਦੀ ਹੈ। ਅਸੀਂ ਅੰਦਰ ਵੱਲ ਝਾਕਣ ਦੀ ਵਜਾਏ ਬਾਹਰ ਵੱਲ ਦੇਖਦੇ ਹਾਂ ਪਰ ਸਾਨੂੰ ਧਿਆਨ ਨਹੀਂ ਰਹਿੰਦਾ । ਅਸੀਂ ਧਿਆਨ ਕਰਦੇ ਹੋਏ, ਉਸ ਤਾਕੀ ਰਾਹੀਂ ਸੰਸਾਰ ਨੂੰ ਵੇਖਦੇ ਹਾਂ। ਤਾਂ ਸੰਸਾਰ ਖ਼ੂਬਸੂਰਤ ਨਜ਼ਰ ਆਉਂਦਾ ਹੈ ਪਰ ਉਹ ਸੰਸਾਰ ਜਿਹੜਾ ਸੁਪਨਾ ਹੈ ਤੇ ਅਸੀਂ ਸੁਪਨਿਆਂ ਦੇ ਵਿੱਚ ਜਿਉਣ ਦੇ ਆਦੀ ਹੋ ਜਾਂਦੇ ਹਾਂ । ਫੇਰ ਅਸੀਂ ਇਸ ਸੁਪਨਮਈ ਸੰਸਾਰ ਵਿਚ ਹੀ ਜੀਦੇਂ ਤੇ ਮਰਦੇ ਹਾਂ। ਤੇ ਅਸੀਂ ਸ਼ਬਦ ਗੁਰੂ ਨੂੰ ਭੁੱਲ ਜਾਂਦੇ ਹਾਂ। ਸੰਸਾਰ ਨਾਲ ਜੁੜ ਜਾਂਦੇ ਹਾਂ । ਸੰਸਾਰ ਨਾਲ ਜੁੜਿਆ ਮਨੁੱਖ ਕਦੇ ਵੀ ਧਿਆਨ ਨਹੀਂ ਲਗਾ ਸਕਦਾ। ਪਦਾਰਥਾਂ ਦਾ ਮੋਹ, ਲਾਲਚ, ਤ੍ਰਿਸ਼ਨਾ, ਦੁੱਖ, ਹਉਮੈ ਤੇ ਲਾਲਸਾ ਉਸ ਨੂੰ ਆਪਣੀ ਗ੍ਰਿਫਤ 'ਚੋਂ ਮੁਕਤ ਨਹੀਂ ਹੋਣ ਦਿੰਦੀ। ਮੁਕਤੀ ਲਈ ਸਾਨੂੰ ਖ਼ੁਦ 'ਮੁਕਤ' ਹੋਣਾ ਪੈਂਦਾ ਹੈ। ਬਿਨ ਮੁਕਤ ਹੋਇਆਂ ਮੁਕਤੀ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਕੁੱਝ ਪ੍ਰਾਪਤ ਕਰਨ ਲਈ ਸਾਨੂੰ ਕੁੱਝ ਦੇਣਾ ਅਤੇ ਛੱਡਣਾ ਤਾਂ ਪਵੇਗਾ। ਇਹ ਲੈਣ-ਦੇਣ ਦਾ ਰਿਸ਼ਤਾ ਸੰਸਾਰੀ ਵੀ ਤੇ ਕਰਤਾਰੀ ਵੀ ਹੈ। ਇਹ ਸਾਨੂੰ ਚੱਕਰ ਵਿੱਚ ਘੁੰਮਾਈ ਰੱਖਦਾ ਹੈ। ਚੱਕਰ ਵਿੱਚ ਪਿਆ ਮਨੁੱਖ ਕਦੇ ਵੀ ਬਾਹਰ ਨਹੀਂ ਆਉਂਦਾ। ਉਹ ਉਥੇ ਦਾ ਹੋ ਕੇ ਰਹਿ ਜਾਂਦਾ ਹੈ, ਫਿਰ ਉਸਦਾ ਆਪਣਾ ਹੀ ਇੱਕ ਸੰਸਾਰ ਬਣ ਜਾਂਦਾ ਹੈ। ਉਹ ਸੰਸਾਰ ਜਿਸ ਵਿੱਚ ਉਹ ਜਿਉਂਦਾ ਹੈ। ਜਿਉਂਦੇ ਰਹਿਣ ਲਈ ਸਾਨੂੰ ਪੌਣ-ਪਾਣੀ, ਕਿਰਤ ਤੇ ਅੰਨ ਦੀ ਲੋੜ ਹੈ। ਜਿਹੜੇ ਜ਼ਿੰਦਗੀ ਨੂੰ ਕਰਤਾਰੀ ਬਣਾਉਂਦੇ ਹਨ, ਉਹ ਗੁਰੂ ਨੂੰ ਮਿਲਦੇ ਹਨ। ਜ਼ਿੰਦਗੀ ਤੇ ਸੰਸਾਰ ਇੱਕ ਹਨ, ਪਰ ਜਦੋਂ ਮਨੁੱਖ ਸ਼ਬਦ ਦੀ ਓਟ ਵਿੱਚ ਆਉਂਦਾ ਹੈ ਤਾਂ ਉਹ ਸ਼ਬਦ ਨਾਲ ਖੇਡਣ ਲੱਗ ਲੈਂਦਾ ਹੈ। ਸ਼ਬਦਾਂ ਨਾਲ ਖੇਡਣ ਵਾਲਾ ਵਿਅਕਤੀ ਬਹੁਤ ਛੇਤੀ ਹੋਰਨਾਂ ਉੱਤੇ ਕਾਬਜ਼ ਹੋ ਜਾਂਦਾ ਹੈ। ਜਦੋਂ ਤੁਸੀਂ ਕਬਜ਼ਾ ਕਰਦੇ ਹੋ, ਉਸ ਸਮੇਂ ਤੁਸੀ ਸ਼ਬਦ ਨਾਲੋਂ ਟੁੱਟ ਕੇ ਸੰਸਾਰ ਨਾਲ ਜੁੜ ਜਾਂਦੇ ਹੋ। ਸੰਸਾਰ ਨਾਲ ਜੁੜਿਆ ਮਨੁੱਖ ਜਦੋਂ ਵੀ ਕੁੱਝ ਕਰਦਾ ਹੈ ਤਾਂ ਉਸ ਦੇ ਕੀਤੇ ਦਾ ਕੋਈ ਅਸਰ ਸੰਸਾਰ ਤੇ ਨਹੀਂ ਪੈਂਦਾ ਹੈ ਪਰ ਇਹ ਉਸਨੂੰ ਸੰਸਾਰ ਦੇ ਧੁਰ ਅੰਦਰ ਤੀਕ ਲੈ ਜਾਂਦਾ ਹੈ। ਸੰਸਾਰ ਵਿੱਚ ਰਹਿੰਦਾ ਮਨੁੱਖ ਸ਼ਬਦ ਦੀ ਪ੍ਰਵਾਹ ਨਹੀਂ ਕਰਦਾ। ਜਦੋਂ ਉਹ ਸ਼ਬਦ ਨਾਲੋਂ ਟੁੱਟਦਾ ਹੈ ਤਾਂ ਉਹ ਵਕਾਰਾਂ ਵੱਲ ਤੁਰਦਾ ਹੈ। ਉਹ ਵਕਾਰ ਦੀ ਬਦੌਲਤ ਆਪਣੇ ਆਲੇ-ਦੁਆਲੇ ਅਜਿਹਾ ਜੰਗਲ ਉਗਾਉਂਦਾ ਹੈ, ਉਹ ਜੰਗਲ ਉਸ ਦੁਆਲੇ ਕੰਡਿਆਲੀ ਤਾਰ ਬਣ ਜਾਂਦਾ ਹੈ। ਉਸ ਦੀ ਹਾਲਤ ਮੱਕੜੀ ਦੇ ਜਾਲ ਵਰਗੀ ਹੁੰਦੀ ਹੈ। ਉਹ ਖੁਦ ਜਾਲ ਵਿੱਚ ਫਸ ਜਾਂਦਾ ਹੈ।

ਜਦੋਂ ਕੋਈ ਵਿਅਕਤੀ ਕਿਸੇ ਭਵ-ਸਾਗਰ ਵਿੱਚ ਫਸ ਜਾਂਦਾ ਹੈ। ਫੇਰ ਉਸ ਦੇ ਮਿੱਤਰ ਹੀ ਦੁਸ਼ਮਣ ਬਣ ਜਾਂਦੇ ਹਨ। ਫੇਰ ਉਹ ਉਸਦੀ ਮਜਬੂਰੀ ਦਾ ਲਾਭ ਤਾਂ ਉਠਾਉਂਦੇ ਹਨ। ਉਸ ਦਾ ਜਾਇਦਾਦ ਤੇ ਦੌਲਤ ਨੂੰ ਲੁੱਟਦੇ ਹਨ। ਉਹ ਲੁੱਟ ਕਈ ਰੂਪਾਂ ਦੀ ਹੁੰਦੀ ਹੈ। ਕਈ ਵਾਰ ਇਸ ਦਾ ਬਾਹਰੀ ਰੂਪ ਕੋਈ ਹੋਰ ਵੀ ਹੋ ਸਕਦਾ ਹੈ। ਤੇ ਅੰਦਰਲਾ ਰੂਪ ਕੁੱਝ ਹੋਰ ਹੁੰਦਾ ਹੈ। ਸਾਨੂੰ ਗੁਰੂ ਸਾਹਿਬ ਨੇ ਸ਼ਬਦ ਗੁਰੂ ਦੇ ਲੜ ਲਾਇਆ ਸੀ ਤੇ ਸਮਝਾਇਆ ਸੀ ਕਿ ਹੁਣ ਦੇਹ ਨਹੀਂ ਸਗੋਂ ਤੁਹਾਡਾ ਸ਼ਬਦ ਗੁਰੂ ਹੈ ਪਰ ਅਸੀਂ ਗੁਰੂ ਦਾ ਹੁਕਮ ਭੁੱਲ ਗਏ ਹਾਂ । ਸਾਨੂੰ ਪਤਾ ਹੀ ਨਹੀਂ ਲੱਗਿਆ ਕਿ ਮਨੁੱਖ ਸ਼ਬਦ ਗੁਰੂ ਨਾਲੋਂ ਟੁੱਟ ਕੇ 'ਪ੍ਰੇਮੀ 'ਕਦੋਂ ਬਣ ਗਿਆ ? ਅਸੀਂ ਸ਼ਬਦ ਨੂੰ ਨਹੀਂ ਸਗੋਂ ਦੇਹ ਨੂੰ ਪ੍ਰੇਮ ਕਰਦੇ ਹਾਂ । ਤਾਂ ਹੀ ਡੇਰਿਆਂ ਤੇ ਸਾਧਾਂ ਵਿੱਚ ਵਾਧਾ ਹੋਇਆ ਹੈ। ਸ਼੍ਰੋਮਣੀ ਗੁਰਦੁਆਰਾ ਕਮੇਟੀ ਆਪਣਾ ਫਰਜ਼ ਭੁੱਲ ਗਈ । ਗੁਰਦੁਆਰਿਆਂ ਦੇ ਉਪਰ ਜੱਟਵਾਦ ਭਾਰੂ ਹੋ ਗਿਆ । ਇਹ ਸਫਰ ਬਹੁਤਾ ਲੰਮਾ ਨਹੀਂ ਥੋੜ੍ਹਾ ਹੀ ਹੈ ਪਰ ਅਸੀਂ ਸ਼ਬਦ ਗੁਰ ਤੋਂ ਬਹੁਤ ਦੂਰ ਹੋ ਗਏ ਹਾਂ । ਅਸੀਂ ਸ਼ਬਦ ਕੋਲੋਂ ਦੂਰ ਕਿਉਂ ਹੋਏ ਜਾਂ ਸਾਨੂੰ ਕਿਸੇ ਨੇ ਕੀਤਾ ਹੈ ? ਅਸੀਂ ਕਦੇ ਆਪਣੇ ਆਪ ਨੂੰ ਸਵਾਲ ਹੀ ਨਹੀਂ ਕੀਤਾ । ਸਾਡੇ ਹੰਕਾਰ ਤੇ ਹਾਉਮੈਂ ਨੇ ਸਾਨੂੰ ਇਸ ਰਸਤੇ ਤੋਰਿਆ ਤੇ ਦੇਹ ਦੇ ਨਾਲ ਜੋੜਿਆ ਹੈ। ਸ਼ਬਦ ਗੁਰੂ ਨਾਲ ਤੋੜਿਆ ਹੈ ।

ਇਸ ਵਿੱਚ 'ਸ਼ਬਦ ਗੁਰੂ' ਵਾਲੇ ਵੀ ਓਨੇ ਹੀ ਕਸੂਰਵਾਰ ਹਨ, ਜਿਨ੍ਹਾਂ ਨੇ ਮਨੁੱਖ ਨੂੰ ਸ਼ਬਦ ਗੁਰੂ ਨਾਲ ਜੋੜਨ ਦੀ ਬਜਾਏ ਉਹਨਾਂ ਨੂੰ ਸਦਾ ਹੀ ਆਪਣੇ ਨਾਲੋਂ ਤੋੜਿਆ। ਇਸੇ ਤੋੜ-ਵਿਛੋੜੇ ਕਰਕੇ ਪਿੰਡਾਂ ਤੇ ਸ਼ਹਿਰਾਂ ਵਿੱਚ ਵੱਖੋ-ਵੱਖ ਨਾਵਾਂ ਹੇਠ ਬਹੁਤ ਕੁੱਝ ਉੱਗ ਆਇਆ ਹੈ। ਜਿਨਾਂ ਵਿੱਚੋਂ ਜਾਤ-ਪਾਤ ਦੀ ਬੋਅ ਆਉਂਦੀ ਹੈ। 'ਗੁਰੂ ਸ਼ਬਦ' ਨੇ ਤਾਂ ਨਿਮਾਣਿਆਂ-ਨਿਤਾਣਿਆਂ ਨੂੰ ਸ਼ਕਤੀ ਪ੍ਰਦਾਨ ਕਰਕੇ ਗੁਰੂ ਸ਼ਬਦ ਦੇ ਮੋਹਰੀ ਬਣਾਇਆ ਸੀ। ਉਨਾਂ ਤਾਂ ਜਾਤ-ਪਾਤ ਤੇ ਉਚ-ਨੀਚ ਦਾ ਵਰਕਾ ਹੀ ਪਾੜ ਦਿੱਤਾ ਸੀ। ਉਹ ਵਰਕਾ ਜਿਹੜਾ ਅੱਜ ਪਿੰਡ-ਪਿੰਡ ਥੋਹਰ ਬਣ ਕੇ ਉੱਗ ਆਇਆ ਹੈ। ਇਹਨਾਂ ਥੋਹਰਾਂ ਦੇ ਕੰਡੇ ਸਾਡੇ ਚੁੱਭਦੇ ਹਨ ਪਰ ਅਸੀਂ ਇਸ ਕੰਡਿਆਲੀ ਥੋਹਰ ਗਲੇ ਲਾ ਲਿਆ ਹੈ। ਹੁਣ ਇਸ ਥੋਹਰ ਨੂੰ ਪਾਣੀ ਵੀ ਉਨ੍ਹਾਂ ਨੇ ਦਿੱਤਾ ਹੈ, ਜਿਹੜੇ ਅੱਜ ਪ੍ਰੇਮੀਆਂ ਨੂੰ ਸ਼ਬਦ ਗੁਰੂ ਨਾਲ ਜੋੜ ਰਹੇ ਹਨ, ਅੱਜ ਉਹੀ ਲੋਕ ਆਪਣੀ ਬਚਾਉਣ ਦੇ ਲਈ ਉਹਨਾਂ ਦਾ ਸਹਾਰਾ ਲੈ ਰਹੇ ਹਨ। ਕੱਲ੍ਹ ਜਿਹੜੇ ਹਾਕਮ ਸਨ ,ਅੱਜ ਕਟਹਿਰੇ 'ਚ ਖੜੇ ਹਨ। ਜਿਹਨਾਂ ਨੇ ਗੁਰੂ ਸ਼ਬਦ ਨੂੰ ਭਾਰੀ ਠੇਸ ਪਹੁੰਚਾਈ ਹੈ। ਇਹ ਠੇਸ ਹੁਣ ਮਨਾਂ ਅੰਦਰ ਹੁੰਦੀ ਮੜੀਆਂ ਤੱਕ ਵੀ ਪੁੱਜ ਗਈ ਹੈ। ਹੁਣ ਪਿੰਡਾਂ ਵਿੱਚ ਪ੍ਰੇਮੀਆਂ ਤੇ ਹੋਰ ਥੋਹਰਾਂ ਦੀ ਭਰਮਾਰ ਹੈ। ਡਰ ਤੇ ਲਾਲਚ ਨਾਲ ਕੋਈ ਸ਼ਬਦ ਗੁਰੂ ਨਾਲ ਨਹੀਂ ਜੁੜ ਸਕਦਾ । ਨਾ ਹੀ ਸਿਰੋਪਾ ਪਾਉਣ ਨਾਲ ਕੋਈ ਗੁਰੂ ਦੇ ਮਾਰਗ ਦਾ ਪਾਂਧੀ ਨਹੀਂ ਬਣ ਸਕਦਾ ਹੈ। ਸ਼ਬਦ ਗੁਰੂ ਨੇ ਸਾਨੂੰ ਜਾਤਪਾਤ ਵਿੱਚੋ ਬਾਹਰ ਕੱਢਿਆ ਸੀ ਪਰ ਅਸੀਂ ਨਿਕਲ ਨਹੀਂ ਸਕੇ। ਜਾਤੀਆਂ ਦੀਆਂ ਥੋਹਰਾਂ ਸਾਡੇ ਸਿਰਾਂ ਵਿੱਚ ਉਗ ਆਈਆਂ ਹਨ ਜੋ ਹੁਣ ਨਾਸੂਰ ਬਣ ਗਈਆਂ ਹਨ । ਜਿਸ ਤਰ੍ਹਾਂ ਨੀਵੀਆਂ ਜਾਤੀਆਂ ਤੇ ਪ੍ਰੇਮੀਆਂ ਨੂੰ ਡਾਂਗ ਦੇ ਜ਼ੋਰ ਨਾਲ ਸ਼ਬਦ ਗੁਰੂ ਨਾਲ ਜੋੜਿਆ ਜਾ ਰਿਹਾ ਹੈ, ਇਹ ਡਰਾਮਾ ਤੇ ਡਰਾਵਾ ਹੈ। ਉਂਝ ਤਾਂ 'ਸ਼ਬਦ ਗੁਰੂ' ਵਾਲੇ ਵੀ ਨਹੀਂ ਚਾਹੁੰਦੇ ਕਿ ਇਹ ਪ੍ਰੇਮੀ ਨੀਵੀਆਂ ਜਾਤਾਂ ਵਾਲੇ ਸਾਡੇ ਨਾਲ ਆ ਰਲਣ। ਜੇ ਇਹ ਨਿੱਕੀਆਂ-ਨਿੱਕੀਆਂ ਜਾਤਾਂ 'ਸ਼ਬਦ ਗੁਰੂ' ਦੇ ਲੜ ਲੱਗ ਗਈਆਂ ਤਾਂ ਇੱਕ ਦਿਨ ਇਹ ਆਪਣਾ ਹਿੱਸਾ ਵੀ ਮੰਗਣਗੀਆਂ। ਜਿਵੇਂ ਪਿੰਡ ਤੱਲਣ ਵਿੱਚ 'ਸ਼ਬਦ ਗੁਰੂ' ਵਾਲੇ ਆਪਣਾ ਹਿੱਸਾ ਮੰਗਣ ਚੱਲੇ ਸੀ। ਹੁਣ ਇਸ ਜਾਤ ਦੀ ਥੋਹਰ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਮਨੁੱਖ ਫੇਰ ਜਾਤਾਂ ਤੇ ਨਸਲਾਂ ਵਿੱਚ ਵੰਡਿਆ ਜਾ ਰਿਹਾ ਹੈ। ਹੁਣ ਤੁਹਾਡੀ ਲਿਆਕਤ ਨਹੀਂ ਜਾਤ ਪਰਖੀ ਜਾਂਦੀ ਹੈ। ਤੁਹਾਡੇ ਉਤੇ ਠੱਪਾ ਲਾਇਆ ਜਾਂਦਾ ਹੈ ਉਚ ਤੇ ਨੀਚ ਦਾ। ਹੁਣ ਅਸੀਂ ਆਧੁਨਿਕ ਦੌਰ ਵਿੱਚੋਂ ਦੀ ਲੰਘ ਰਹੇ ਹਾਂ, ਹੁਣ ਫੇਰ ਜਾਤ ਦੇ ਬੀਜ ਫੇਰ ਬੀਜੇ ਜਾ ਰਹੇ ਹਨ। ਭਾਵੇਂ ਮਨੁੱਖ ਇਕ ਹੈ ਪਰ ਜਾਤਪਾਤ ਨੇ ਮਨੁੱਖ ਬਹੁਤ ਟੁੱਕੜਿਆਂ ਦੇ ਵਿੱਚ ਵੰਡ ਦਿੱਤਾ ਹੈ। ਸਾਇੰਸ ਨੇ ਮਨੁੱਖ ਦੀਆਂ ਬਾਹਰੀ ਦੂਰੀਆਂ ਘੱਟ ਕਰ ਦਿੱਤੀਆਂ ਪਰ ਅੰਦਰਲੀਆਂ ਵੱਧ ਗਈਆਂ ਹਨ। ਭਾਵੇਂ ਸਾਰੇ ਪਾਸੇ ਤਕਨੀਕ ਨੇ ਦੁਨੀਆਂ ਨੂੰ ਇੱਕ-ਦੂਜੇ ਦੇ ਨੇੜੇ ਲੈ ਆਂਦਾ ਹੈ। ਉਝ ਸਾਇੰਸ ਨੇ ਤਰੱਕੀ ਦੀਆਂ ਬੁਲੰਦੀਆਂ ਛੋਹ ਲਈਆਂ ਹਨ, ਪਰ ਅਸੀਂ ਅਜੇ ਵੀ ਆਪਣੇ ਆਪ ਨੂੰ ਸਤਾਰਵੀਂ ਸਦੀ ਵੱਲ ਖਿੱਚੀ ਜਾ ਰਹੇ ਹਾਂ। ਰੂੜ੍ਹੀਆਂ ਦੇ ਨਾਲ ਜੁੜਦੇ ਜਾ ਰਹੇ ਹਾਂ । ਬਾਬਰਸ਼ਾਹੀ, ਜਹਾਂਗੀਰੀ ਤੇ ਔਰੰਗਜ਼ੇਬੀ ਦਾ ਦੌਰ ਫਿਰ ਪਾਸਾ ਬਦਲ ਗਿਆ ਹੈ। ਉਦੋਂ ਜ਼ਬਰਨ ਮੁਸਲਮਾਨ ਬਣਾਇਆ ਜਾਂਦਾ ਸੀ। ਹੁਣ ਰਾਸ਼ਟਰਵਾਦੀ ਹਿੰਦੂ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਹੈ ਤੇ ਅਸੀਂ ਬਣ ਰਹੇ ਹਾਂ। ਬਾਬਿਆਂ ਨੇ ਤੇ ਆਖਿਆ ਸੀ : 'ਏਕ ਨੂਰ ਤੇ ਸਭਿ ਜਗਿ ਉਪਜਿਆ ਕਉਨ ਭਲੇ, ਕੌਣ ਮੰਦੇ।' ਪਰ ਅਸੀਂ 'ਏਕ ਨੂਰ' ਵਾਲੀ ਵਿਚਾਰਧਾਰਾ ਦਾ ਸ਼ਰੇਆਮ ਆਪਣੇ ਆਪ ਹੀ ਕਤਲ ਕਰ ਰਹੇ ਹਾਂ। ਪਰ ਫੇਰ ਕਾਤਲ ਨਹੀਂ ਅਖਵਾਉਂਦੇ ਕੇਹੀ ਵਿਡੰਬਨਾ ਹੈ ? ਹੁਣ ਨਾ ਤਾਂ ਕੋਈ ਅਬਦਾਲੀ ਹੈ, ਨਾ ਜ਼ਕਰੀਆ ਖ਼ਾਂ ਹੈ। ਹੁਣ ਤਾਂ ਆਪਣਿਆਂ ਦੀ ਆਪਣਿਆਂ ਨਾਲ ਜੰਗ ਹੈ। ਇਹ ਉਹ ਜੰਗ ਹੈ, ਜਿਸ ਵਿੱਚ ਬਾਲਣ ਆਮ ਲੋਕ ਬਣ ਰਹੇ ਹਨ ਜਿਨਾਂ ਨੂੰ ਅਜੇ ਵੀ ਰੋਜ਼ੀ ਰੋਟੀ ਦਾ ਚੌਵੀ ਘੰਟੇ ਫਿਕਰ ਵੱਢ-ਵੱਢ ਕੇ ਖਾ ਰਿਹਾ ਹੈ। ਇਹ ਫਿਕਰ ਦੀ ਪੰਡ ਉਨਾਂ ਦੇ ਸਿਰ ਉੱਤੋਂ ਕਿਸੇ ਨੇ ਵੀ ਧਰਮ ਨੇ ਉਤਾਰਨੀ ਨਹੀਂ, ਉਹ ਤਾਂ ਉਨ੍ਹਾਂ ਅੰਦਰ ਦਬਾਈ ਗਈ ਉਸਸ਼ਕਤੀ ਨੇ ਉਤਾਰਨੀ ਹੈ ਜਿਸਨੂੰ ਮਨੁੱਖ ਭੁੱਲ ਗਿਆ ਹੈ। ਹੁਣ ਚਿੜੀਆਂ ਨੂੰ ਬਾਜ਼ਾਂ ਤੋਂ ਡਰ ਲਗਦੇ ਹੈ, ਜਿਹੜੀਆਂ ਚਿੜੀਆਂ ਤਾਂ ਸਦਾ ਬਾਜ਼ਾਂ ਦਾ ਭੋਜਨ ਬਣਦੀਆਂ ਰਹੀਆਂ ਹਨ ਤੇ ਬਣ ਰਹੀਆਂ ਹਨ, ਪਰ ਜਦੋਂ ਮਨੁੱਖ ਹੀ ਭੋਜਨ ਜਾਂ ਬਾਲਣ ਬਣ ਜਾਵੇ ਤਾਂ ਸ਼ਬਦ ਗੁਰੂ ਨੂੰ ਕੋਈ ਫ਼ਰਕ ਨਹੀਂ ਪੈਂਦਾ ਪਰ ਸਦਾ ਜਿਉਂਦਾ ਰਹਿੰਦਾ ਹੈ ਤੇ ਇਹ ਕਿਤਾਬਾਂ ਦੇ ਵਿੱਚ ਤੇ ਜਜ਼ਬਾਤਾਂ ਵਿੱਚ ਜਿਉਂਦਾ ਰਹਿੰਦਾ ਹੈ ਤੇ ਰਹੇਗਾ ਭਾਵੇਂ ਆਖਦੇ ਹਨ ਕਿ ਸਿਆਸਤ , ਜੰਗ ਤੇ ਪਿਆਰ ਵਿੱਚ ਸਭ ਕੁੱਝ ਜਾਇਜ਼ ਹੁੰਦਾ ਹੈ। ਹਰ ਜਾਇਜ਼ ਗੱਲ ਕਿਸੇ ਵਾਸਤੇ ਨਜਾਇਜ਼ ਵੀ ਹੋ ਸਕਦੀ ਹੈ। ਸ਼ਬਦ ਗੁਰੂ ਤੋਂ ਪ੍ਰੇਮੀ ਤੱਕ ਦਾ ਸਫ਼ਰ ਤਾਂ ਇਨਾਂ ਨੇ ਤਹਿ ਕਰ ਲਿਆ ਹੈ। ਹੁਣ ਇਹ ਉੱਡਦੇ ਬਾਜ਼ਾਂ ਮਗਰ ਕਦੋਂ ਜਾਣਗੇ? ਜਿਨਾਂ, ਇਨਾਂ ਦਾ ਖੋਹ ਲਿਆ ਹੈ ਮਨ ਦਾ ਚੈਨ। ਸ਼ਬਦ ਦੇ ਲੜ ਲੱਗ ਕੇ ਗਿਆਨ ਤਾਂ ਮਿਲਦਾ ਹੈ, ਪਰ ਸ਼ਬਦ ਜਦੋਂ ਤਲਵਾਰ ਬਣ ਕੇ ਸੀਨੇ ਅੰਦਰ ਧਸਦਾ ਹੈ, ਤਾਂ ਬਹੁਤ ਕੁੱਝ ਮਰ ਜਾਂਦਾ ਹੈ। ਜੋ ਅਣਕਿਹਾ ਹੁੰਦਾ ਹੈ। ਇਸ ਅਣਕਹੇ ਅੰਦਰ ਬਣਾ ਕੁੱਝ ਕਹਿਣ ਜੋਗਾ ਵੀ ਨਹੀਂ ਕਿ ਸ਼ਬਦ ਦੀ ਤਲਾਸ਼ ਵਿੱਚ ਭਟਕਿਆ ਮਨੁੱਖ ਕਿੱਧਰੇ ਮਾਰੂਥਲ ਵਿੱਚ ਹੀ ਨਾ ਗਵਾਚ ਜਾਵੇ। ਸ਼ਬਦ ਗੁਰੂ ਤੋਂ ਪ੍ਰੇਮੀਂ ਤੱਕ ਦਾ ਸਫ਼ਰ ਸਾਡੇ ਸਮਿਆਂ ਦਾ ਉਹ ਸੱਚ ਹੈ, ਜਿਹੜਾ ਪਹਿਲਾਂ ਕਦੇ ਵੀ ਨਹੀਂ ਹੋਇਆ। ਸ਼ਬਦ ਮਨੁੱਖ ਨੂੰ ਜੋੜਦਾ ਹੈ, ਆਪਣੇ ਆਪ ਨਾਲ। ਉਸ ਅਦਿੱਖ ਸ਼ਕਤੀ ਦੇ ਨਾਲ। ਮਨੁੱਖ ਨੂੰ ਕਦੋਂ ਸਮਝ ਆਵੇਗੀ, ਜਿਹੜਾ ਹਉਮੈ ਤੇ ਹੰਕਾਰ ਦੀ ਪੰਡ ਚੁੱਕੀ, ਤੇ ਨਫ਼ਰਤ ਦੀ ਤਲਵਾਰ ਫੜੀ ਹਰ ਥਾਂ ਖੜਾ ਹੈ, ਉਸਦਾ ਆਪਣਾ ਸ਼ਰੀਰ ਵੀ ਉਸਦਾ ਆਪਣਾ ਨਹੀਂ ਹੈ, ਇਹ ਵੀ ਉਧਾਰਾ ਹੈ ਮਾਂ-ਬਾਪ ਪਾਸੋਂ ਲਿਆ, ਪਰ ਮਨੁੱਖ ਨੂੰ ਕਦ ਅਰਥ ਸਮਝ ਲੱਗਣਗੇ? ਮਨੁੱਖ ਤੋਂ ਵੱਡਾ ਕੋਈ ਨਹੀਂ। ਧਰਮ, ਜਾਤ, ਗੋਤ ਤਾਂ ਸ਼ੈਤਾਨ ਦੀ ਸੰਤਾਨ ਹਨ। ਆਓ ਇਨ੍ਹਾਂ ਤੋਂ ਮੁਕਤ ਹੋਈਏ। ਆਪਣੇ ਅੰਦਰ ਝਾਤੀ ਮਾਰੀਏ। ਆਪਣੇ ਆਪ ਨੂੰ ਪਛਾਣਿਆ ਜਾਵੇ ਕਿ ਅਸੀਂ ਕੌਣ ਹਾਂ ? ਸ਼ਬਦ ਗੁਰੂ ਤੋਂ ਪ੍ਰੇਮ ਦੇ ਅਰਥ ਜਾਣੀਏ। ਸ਼ਬਦ ਦੇ ਨਾਲ ਜੁੜੀਏ ਤੇ ਉਸ ਦੇ ਉਪਦੇਸ਼ ਨੂੰ ਜ਼ਿੰਦਗੀ 'ਚ ਵਸਾਈਏ। ਸ਼ਬਦ ਬਿਨ੍ਹਾਂ ਇਹ ਸੰਸਾਰ 'ਚ ਹਨੇਰਾ ਹੈ। ਸ਼ਬਦ ਸਾਨੂੰ ਚਾਨਣ ਵੱਲ ਲੈ ਕੇ ਜਾਂਦਾ ਹੈ। ਸ਼ਬਦ ਦੇ ਕੀਤੀ ਪਿੱਠ ਸਾਨੂੰ ਹਨੇਰ ਵੱਲ ਲੈ ਕੇ ਜਾ ਰਹੀ ਹੈ ਹੁਣ ਅਸੀਂ ਚੋਣ ਕਰਨੀ ਹੈ ਕਿ ਅਸੀਂ ਕਿਹੜੇ ਰਸਤੇ ਤੁਰਨਾ ਹੈ ? ਸਾਡੀ ਮੁਕਤੀ ਸ਼ਬਦ ਨਾਲ ਜੁੜਿਆ ਹੀ ਹੋਣੀ ਹੈ। ਸ਼ਬਦ ਨਾਲੋਂ ਟੁੱਟਿਆ ਮਨੁੱਖ ਨਾ ਘਰ ਦਾ ਨਾ ਘਾਟ ਦਾ ਰਹਿੰਦਾ ਹੈ। ਮਨੁੱਖਤਾ ਦੀ ਗਲਵੱਕੜੀ ਹੀ ਸਾਨੂੰ ਬਚਾ ਸਕਦੀ ਹੈ, ਦੂਰੀ ਸਾਨੂੰ ਖਤਮ ਕਰ ਦੇਵੇਗੀ। ਅਸੀਂ ਹੁਣ ਖਤਮ ਹੋਣ ਦੇ ਰਸਤੇ ਖੁਦ ਤੁਰ ਪਏ ਹਾਂ। ਸਾਨੂੰ ਵਿਰਸਾ ਤੇ ਵਿਰਾਸਤ ਭੁੱਲ ਗਈ ਹੈ। ਸਾਡੀ ਹਾਲਤ ਇਸ ਤਰ੍ਹਾਂ ਦੀ ਬਣੀ ਹੋਈ ਹੈ।

ਗਿਆਨ ਵਿਹੂਣਾ ਗਾਵੈ ਗੀਤ
ਭੁੱਖੇ ਮੁੱਲਾ ਘਰੇ ਮਸੀਤ !

ਆਓ ਆਪਾਂ ਸ਼ਬਦ ਗੁਰੂ ਨਾਲ ਜੁੜੀਏ, ਹੁਣ ਜੰਗ ਹਥਿਆਰਾਂ ਦੇ ਨਾਲ ਨਹੀਂ ਸਗੋਂ ਵਿਚਾਰਾਂ ਨਾਲ ਲੜੀ ਜਾ ਰਹੀ ਹੈ । ਸ਼ਬਦ ਤੋਂ ਵੱਡਾ ਕੋਈ ਹਥਿਆਰ ਨਹੀਂ !



ਬੁਧ ਸਿੰਘ ਨੀਲੋਂ
94643-70823

ਸਮਾਜ ਵੀਕਲੀ ਨਿਊਜ਼

# ਅਲਵਿਦਾ ''ਦਿ ਗ੍ਰੇਟ ਮੈਨ'' ਡਾ. ਮਨਮੋਹਨ ਸਿੰਘ

ਅੱਜ ਭਾਰਤ ਦੇਸ਼ ਆਪਣੇ ਸਭ ਤੋਂ ਉੱਘੇ ਨੇਤਾਵਾਂ ਵਿੱਚੋਂ ਡਾਕਟਰ ਮਨਮੋਹਨ ਸਿੰਘ ਜੀ ਦੇ ਦੇਹਾਂਤ ਉਪਰ ਸੋਗ ਮਨਾ ਰਿਹਾ ਹੈ। ਇੱਕ ਸਾਧਾਰਨ ਪਰਿਵਾਰ ਤੋਂ ਉੱਠ ਕੇ ਇੱਕ ਸਤਿਕਾਰਤ ਅਰਥਸ਼ਾਸਤਰੀ ਅਤੇ ਰਾਜਨੇਤਾ ਬਣਨ ਵਾਲੇ ਇਸ ਸ਼ਖਸ ਨੂੰ ਮਹਾਨ ਵਿਅਕਤੀ ਕਹਿਣਾ ਗਲਤ ਨਹੀਂ ਹੋਵੇਗਾ ਕਿਉਂਕਿ ਉਹ ਲੋਕਾਂ ਵਿੱਚ ਆਪਣੀ ਸਾਦਗੀ, ਇਮਾਨਦਾਰੀ, ਮਿਹਨਤ ਅਤੇ ਦੂਰਦ੍ਰਿਸ਼ਟੀ ਦੀ ਛਾਪ ਛੱਡ ਗਏ ਹਨ। ਉਨ੍ਹਾਂ ਨੇ ਦੇਸ਼ ਦੇ ਪ੍ਰਧਾਨ ਮੰਤਰੀ, ਵਿੱਤ ਮੰਤਰੀ ਸਣੇ ਕਈ ਅਹਿਮ ਅਹੁਦਿਆਂ ਉਪਰ ਕੰਮ ਕੀਤਾ। ਉਹ ਦੇਸ਼ ਦੀ ਰਾਜਨੀਤੀ ਅਤੇ ਆਰਥਿਕ ਨੀਤੀ 'ਤੇ ਆਪਣੀ ਡੂੰਘੀ ਛਾਪ ਛੱਡ ਗਏ ਹਨ। ਸੰਸਦ ਦੇ ਅੰਦਰ ਅਤੇ ਹੋਰ ਅਹੁਦਿਆਂ ਤੇ ਉਨ੍ਹਾਂ ਦਾ ਯੋਗਦਾਨ ਬਹੁਤ ਹੀ ਮਹੱਤਵਪੂਰਨ ਰਿਹਾ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਉਨ੍ਹਾਂ ਵੱਲੋਂ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਪਾਏ ਗਏ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਡਾਕਟਰ ਮਨਮੋਹਨ ਸਿੰਘ ਸਹੀ ਰੂਪ ਵਿੱਚ ਇੱਕ ਪ੍ਰਧਾਨ ਮੰਤਰੀ ਤੋਂ ਪਹਿਲਾਂ ਇੱਕ ਚੰਗੇ ਕਿਰਦਾਰ ਵਾਲੇ ਇਨਸਾਨ, ਸਲਾਹੁਣਯੋਗ ਵਿਚਾਰਕ ਅਤੇ ਵਿਦਵਾਨ ਸਨ। ਉਹ ਆਪਣੀ ਯੋਗਤਾ ਅਤੇ ਕੰਮ ਪ੍ਰਤੀ ਵਿਦਿਅਕ ਨਜ਼ਰੀਏ ਲਈ ਤਾਂ ਸਲਾਹੇ ਹੀ ਜਾਂਦੇ ਸਨ ਅਤੇ ਨਾਲ ਹੀ ਉਨ੍ਹਾਂ ਦਾ ਸੁਲਭ, ਸਾਦਾ ਤੇ ਸਰਲ ਸੁਭਾਅ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਹੋਰ ਵੀ ਉੱਚਾ ਕਰਦਾ ਰਿਹਾ ਹੈ। ਜੇਕਰ ਉਨ੍ਹਾਂ ਦੇ ਜੀਵਨ ਤੇ ਇੱਕ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦਾ ਜਨਮ ਅਣਵੰਡੇ ਭਾਰਤ ਦੇ ਸਾਂਝੇ ਪੰਜਾਬ ਅਤੇ ਮੌਜੂਦਾ ਪਾਕਿਸਤਾਨ ਦੇ ਪਿੰਡ ਗਾਹ ਵਿੱਚ ਸਰਦਾਰ ਗੁਰਮੁੱਖ ਸਿੰਘ ਅਤੇ ਮਾਤਾ ਅੰਮ੍ਰਿਤ ਕੌਰ ਦੇ ਘਰ 26 ਸਤੰਬਰ 1932 ਨੂੰ ਹੋਇਆ। ਉਨ੍ਹਾਂ ਆਪਣੀ ਮੈਟ੍ਰਿਕ ਦੀ ਪੜ੍ਹਾਈ 1948 ਵਿੱਚ ਪੰਜਾਬ ਯੂਨੀਵਰਸਿਟੀ ਤੋਂ ਕੀਤੀ। ਉਨ੍ਹਾਂ ਦਾ ਵਿਦਿਅਕ ਭਵਿੱਖ ਉਨ੍ਹਾਂ ਨੂੰ ਪੰਜਾਬ ਤੋਂ ਇੰਗਲੈਂਡ ਦੀ ਕੈਂਬ੍ਰਿਜ ਯੂਨੀਵਰਸਿਟੀ ਤੱਕ ਲੈ ਗਿਆ, ਜਿੱਥੇ ਉਨ੍ਹਾਂ 1957 ਵਿੱਚ ਅਰਥਸ਼ਾਸਤਰ ਵਿੱਚ ਪਹਿਲੇ ਦਰਜੇ ਵਿੱਚ ਆਨਰਸ ਦੀ ਡਿਗਰੀ ਹਾਸਲ ਕੀਤੀ। ਡਾਕਟਰ ਸਿੰਘ ਨੇ ਅਰਥਸ਼ਾਸਤਰ ਵਿੱਚ ਹੀ ਆਕਸਫੋਰਡ ਯੂਨੀਵਰਸਿਟੀ ਦੇ ਨਫੀਲਡ ਕਾਲਜ ਤੋਂ 1962 ਵਿੱਚ ਡਾਕਟਰ ਆਫ ਫਿਲਾਸਫੀ ਕੀਤੀ। ਉਨ੍ਹਾਂ ਦੀ ਕਿਤਾਬ ''ਇੰਡੀਆ ਐਕਸਪੋਰਟ ਟ੍ਰੈਂਡਸ ਐਂਡ ਪ੍ਰਾਸਪੈਕਟਸ ਫਾਰ ਸੈਲਫ ਸਸਟੇਨਡ ਗਰੋਥ' (ਕਲੀਅਰਡਨ ਪ੍ਰੈੱਸ, ਆਕਸਫੋਰਡ, 1964) ਭਾਰਤ ਦੀ ਅੰਦਰੂਨੀ ਟਰੇਡ ਪਾਲਿਸੀ ਦੀ ਇੱਕ ਮੁੱਢਲੀ ਅਲੋਚਨਾਤਮਕ ਕਿਤਾਬ ਸੀ। ਡਾਕਟਰ ਸਿੰਘ ਦੀ ਵਿਦਿਅਕ ਜਾਣ ਪਛਾਣ ਪੰਜਾਬ ਯੂਨੀਵਰਸਿਟੀ ਦੇ ਇੱਕ ਅਧਿਆਪਕ ਅਤੇ ਦਿੱਲੀ ਸਕੂਲ ਆਫ ਇਕਨੋਮਿਕਸ ਵਿੱਚ ਕੰਮ ਕਰਨ ਦੌਰਾਨ ਉੱਭਰ ਕੇ ਸਾਹ-ਮਣੇ ਆਈ । ਉਨ੍ਹਾਂ ਇਨ੍ਹਾਂ ਵਰ੍ਹਿਆਂ ਦੌਰਾਨ ਹੀ ਕੁਝ ਸਮਾਂ ਸੰਯੁਕਤ ਰਾਸ਼ਟਰ ਦੇ ਵਪਾਰ ਅਤੇ ਵਿਕਾਸ ਸਕੱਤਰੇਤ ਵਿੱਚ ਵੀ ਬਿਤਾਇਆ, ਜਿਸ ਮਗਰੋਂ ਉਨ੍ਹਾਂ ਨੂੰ 1987 ਅਤੇ 1990 ਦੇ ਵਰ੍ਹਿਆਂ ਵਿਚਾਲੇ ਜਨੇਵਾ ਵਿੱਚ ਦੱਖਣੀ ਕਮਿਸ਼ਨ ਦੇ ਸਕੱਤਰ ਜਨਰਲ ਵਜੋਂ ਵੀ ਨਿਯੁਕਤ ਕੀਤਾ ਗਿਆ।1971 ਵਿੱਚ ਡਾਕਟਰ ਸਿੰਘ ਨੇ ਭਾਰਤ ਸਰਕਾਰ ਦੇ ਵਣਜ ਮੰਤਰਾਲੇ ਵਿੱਚ ਆਰਥਿਕ ਸਲਾਹਕਾਰ ਵਜੋਂ ਸ਼ਮੂਲੀਅਤ ਕੀਤੀ। ਛੇਤੀ ਹੀ ਉਨ੍ਹਾਂ ਨੂੰ 1972 ਵਿੱਚ ਵਿੱਤ ਮੰਤਰਾਲੇ ਦਾ ਮੁੱਖ ਆਰਥਿਕ ਸਲਾਹਕਾਰ ਨਿਯੁਕਤ ਕਰ ਦਿੱਤਾ ਗਿਆ। ਡਾਕਟਰ ਸਿੰਘ ਨੇ ਸਰਕਾਰ ਵਿੱਚ ਕਈ ਅਹੁਦਿਆਂ ਤੇ ਕੰਮ ਕੀਤਾ। ਜਿਨ੍ਹਾਂ ਵਿੱਚ ਉਹ ਵਿੱਤ ਮੰਤਰਾਲਾ ਦੇ ਸਕੱਤਰ ਵੀ ਰਹੇ, ਯੋਜਨਾ ਕਮਿਸ਼ਨ ਦੇ ਡਿਪਟੀ ਚੇਅਰਮੈਨ ਅਤੇ ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਵਜੋਂ ਵੀ ਉਨ੍ਹਾਂ



ਆਪਣੀ ਜ਼ਿੰਮੇਵਾਰੀ ਨਿਭਾਈ। ਉਹ ਪ੍ਰਧਾਨ ਮੰਤਰੀ ਦੇ ਸਲਾਹਕਾਰ ਅਤੇ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਦੇ ਚੇਅਰਮੈਨ ਵੀ ਰਹੇ। ਅਜ਼ਾਦ ਭਾਰਤ ਦੇ ਆਰਥਿਕ ਇਤਿਹਾਸ ਵਿੱਚ ਉਸ ਵੇਲੇ ਨਵਾਂ ਮੋੜ ਆਇਆ, ਜਦੋਂ ਡਾਕਟਰ ਸਿੰਘ 1991 ਤੋਂ 1996 ਦੇ ਪੰਜ ਵਰ੍ਹਿਆਂ ਦੌਰਾਨ ਭਾਰਤ ਦੇ ਵਿੱਤ ਮੰਤਰੀ ਰਹੇ। ਆਰਥਿਕ ਸੁਧਾਰਾਂ ਬਾਰੇ ਘੜੀ ਗਈ ਨੀਤੀ ਵਿੱਚ ਉਨ੍ਹਾਂ ਦੀ ਭੂਮਿਕਾ ਨੇ ਮਹੱਤਵਪੂਰਨ ਰੋਲ ਨਿਭਾਇਆ ਅਤੇ ਅੱਜ ਵੀ ਉਨ੍ਹਾਂ ਦੀ ਇਸ ਨੀਤੀ ਨੂੰ ਸਮੁੱਚੇ ਵਿਸ਼ਵ ਵੱਲੋਂ ਸਲਾਹਿਆ ਜਾਂਦਾ ਹੈ। ਭਾਰਤ ਦੇ ਉਨ੍ਹਾਂ ਵਰ੍ਹਿਆਂ ਨੂੰ ਇੱਕ ਬਹੁਤ ਹੀ ਸਤਿਕਾਰਤ ਨਜ਼ਰ ਨਾਲ ਵੇਖਿਆ ਜਾਂਦਾ ਹੈ ਕਿਉਂਕਿ ਕਿ ਇਹ ਸਮਾਂ ਡਾਕਟਰ ਸਿੰਘ ਦੀ ਸ਼ਖ਼ਸੀਅਤ ਨਾਲ ਜੁੜਿਆ ਹੋਇਆ ਸੀ। ਡਾਕਟਰ ਸਿੰਘ ਨੂੰ ਉਨ੍ਹਾਂ ਦੇ ਜਨਤਕ ਜੀਵਨ ਵਿੱਚ ਕਈ ਐਵਾਰਡ ਤੇ ਮਾਨ-ਸਨਮਾਨ ਹਾਸਲ ਹੋਏ। ਜਿਨ੍ਹਾਂ ਵਿੱਚ ਸਭ ਤੋਂ ਜ਼ਿਆਦਾ ਮਹੱਤਵਪੂਰਨ ਭਾਰਤ ਦਾ ਸਭ ਤੋਂ ਵੱਡਾ ਦੂਜਾ ਨਾਗਰਿਕ ਸਨਮਾਨ ਪਦਮ ਵਿਭੂਸ਼ਣ ਸ਼ਾਮਿਲ ਹੈ, ਜੋ ਉਨ੍ਹਾਂ ਨੂੰ 1987 ਵਿੱਚ ਪ੍ਰਦਾਨ ਕੀਤਾ ਗਿਆ। 1995 ਵਿੱਚ ਉਨ੍ਹਾਂ ਨੂੰ ਭਾਰਤ ਵਿਗਿਆਨ ਕਾਂਗਰਸ ਦਾ ਜਵਾਹਰ ਲਾਲ ਨਹਿਰੂ ਬਰਥ ਸੈਂਟੀਨਰੀ ਐਵਾਰਡ ਦਿੱਤਾ ਗਿਆ। 1993 ਅਤੇ 1994 ਵਿੱਚ ਉਨ੍ਹਾਂ ਨੂੰ ਵਰ੍ਹੇ ਦੇ ਵਿੱਤ ਮੰਤਰੀ ਦਾ ਏਸ਼ੀਆ ਮਨੀ ਐਵਾਰਡ ਦਿੱਤਾ ਗਿਆ। 1993 ਵਿੱਚ ਵਰ੍ਹੇ ਦੇ ਵਿੱਤ ਮੰਤਰੀ ਦਾ ਯੂਰੋ ਮਨੀ ਐਵਾਰਡ ਪ੍ਰਦਾਨ ਕੀਤਾ ਗਿਆ। 1956 ਵਿੱਚ ਉਨ੍ਹਾਂ ਨੂੰ ਕੈਂਬ੍ਰਿਜ ਯੂਨੀਵਰਸਿਟੀ ਦੇ ਐਡਮ ਸਮਿੱਥ ਇਨਾਮ ਨਾਲ ਅਤੇ 1955 ਵਿੱਚ ਅਸਾਧਾਰਨ ਕਾਰਗੁਜ਼ਾਰੀ ਲਈ ਕੈਂਬ੍ਰਿਜ ਦੇ ਸੇਂਟ ਜਾਨਸ ਕਾਲਜ ਵਿੱਚ ਰਾਈਟਸ ਸਨਮਾਨ ਨਾਲ ਸਨਮਾਨਿਤ ਕਿੱਤਾ ਗਿਆ। ਇਨ੍ਹਾਂ ਐਵਾਰਡਾਂ ਤੇ ਸਨਮਾਨਾਂ ਤੋਂ ਇਲਾਵਾ ਡਾਕਟਰ ਸਿੰਘ ਨੂੰ ਜਪਾਨ ਦੀ ਨਿਹਾਨ ਕੀਜਾਈ ਸ਼ਿੰਬਨ ਸਮੇਤ ਕਈ ਹੋਰ ਐਸੋਸ਼ੀਏਸ਼ਨ ਵੱਲੋਂ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ। ਡਾਕਟਰ ਸਿੰਘ ਨੂੰ ਕੈਂਬ੍ਰਿਜ ਅਤੇ ਆਕਸਫੋਰਡ ਯੂਨੀਵਰਸਿਟੀਆਂ ਸਮੇਤ ਕਈ ਯੂਨੀਵਰਸਿਟੀਆਂ ਨੇ ਆਨਰੇਰੀ ਡਿਗਰੀਆਂ ਨਾਲ ਸਨਮਾਨਤ ਕੀਤਾ ਡਾਕਟਰ ਸਿੰਘ ਨੇ ਕਈ ਕੌਮਾਂਤਰੀ ਕਾਨਫਰੰਸਾਂ ਅਤੇ ਕੌਮਾਂਤਰੀ ਸੰਗਠਨਾਂ ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ ਹੈ। ਉਨ੍ਹਾਂ 1993 ਵਿੱਚ ਸਾਈ ਪ੍ਰੈੱਸ ਵਿੱਚ ਹੋਏ ਰਾਸ਼ਟਰ ਮੁਖੀਆਂ ਦੇ ਸੰਮੇਲਨ ਅਤੇ ਉਸੇ ਹੀ ਵਰ੍ਹੇ ਵਿਆਨਾ ਵਿੱਚ ਮਨੁੱਖੀ ਅਧਿਕਾਰਾਂ ਸਬੰਧੀ ਵਿਸ਼ਵ ਕਾਨਫਰੰਸ ਵਿੱਚ ਭਾਰਤੀ ਡੈਲੀਗੇਸਨਾ ਦੀ ਨੁਮਾਇੰਦਗੀ ਕੀਤੀ। ਆਪਣੇ ਸਿਆਸੀ ਜੀਵਨ ਵਿੱਚ ਡਾਕਟਰ ਸਿੰਘ 1991 ਤੋਂ ਰਾਜ ਸਭਾ ਦੇ ਮੈਂਬਰ ਰਹੇ ਜਿੱਥੇ ਉਹ 1998 ਅਤੇ 2004 ਵਿੱਚ ਵਿਰੋਧੀ ਧਿਰ ਦੇ ਨੇਤਾ ਵੀ ਰਹੇ। ਡਾਕਟਰ ਮਨਮੋਹਨ ਸਿੰਘ ਨੂੰ 2004 ਵਿੱਚ ਹੋਈਆਂ ਦੇਸ਼ ਦੀਆਂ ਆਮ ਚੋਣਾਂ ਮਗਰੋਂ 22 ਮਈ 2004 ਨੂੰ ਭਾਰਤ ਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਹਲਫ ਦਿਵਾਇਆ ਗਿਆ। ਉਨ੍ਹਾਂ ਪ੍ਰਧਾਨ ਮੰਤਰੀ ਵਜੋਂ ਆਪਣੀ ਦੂਜੀ ਪਾਰੀ ਦੀ ਸ਼ੁਰੂਆਤ ਵੀ 22 ਮਈ 2009 ਤੋਂ ਸ਼ੁਰੂ ਕੀਤੀ ਅਤੇ 22 ਮਈ ਨੂੰ ਹੀ ਉਨ੍ਹਾਂ ਨੂੰ ਦੂਜੀ ਵਾਰ ਦੇਸ਼ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਹਲਫ ਦਿਵਾਇਆ ਗਿਆ। ਡਾਕਟਰ ਮਨਮੋਹਨ ਸਿੰਘ ਦੀ ਖਾਸੀਅਤ ਸੀ ਕਿ ਉਹ ਬਹੁਤ ਘੱਟ ਬੋਲਦੇ ਸਨ ਅਤੇ ਉਨ੍ਹਾਂ ਨੇ ਕਦੇ ਵੀ ਆਪਣੇ ਅਹੁਦੇ ਦਾ ਹੰਕਾਰ ਨਹੀਂ ਕੀਤਾ। ਉਨ੍ਹਾਂ ਦੇ ਜਾਣਕਾਰ ਦੱਸਦੇ ਹਨ ਕਿ ਘਰ ਵੀ ਉਹ ਬਿਲਕੁਲ ਸਾਦਾ ਜੀਵਨ ਬਤੀਤ ਕਰਦੇ ਸਨ ਉਹ ਆਪਣੇ ਕੰਮ ਖੁਦ ਕਰਨ ਵਿੱਚ ਸਤੁੰਸ਼ਟੀ ਮਹਿਸੂਸ ਕਰਦੇ ਸਨ। ਡਾਕਟਰ ਸਿੰਘ ਆਪਣੇ ਪਿੱਛੇ ਧਰਮ ਪਤਨੀ ਸ੍ਰੀਮਤੀ ਗੁਰਸ਼ਰਨ ਕੌਰ ਅਤੇ ਤਿੰਨ ਧੀਆਂ ਨੂੰ ਛੱਡ ਕੇ 26 ਦਸੰਬਰ 2024 ਨੂੰ 92 ਸਾਲ ਦੀ ਉਮਰ ਵਿੱਚ ਇਸ ਦੁਨੀਆਂ ਨੂੰ ਅਲਵਿਦਾ ਆਖ ਗਏ। ਇਤਫ਼ਾਕ ਹੀ ਹੈ ਕਿ ਉਨ੍ਹਾਂ ਦੀ ਜਨਮ ਅਤੇ ਦਿਹਾਂਤ ਦੀ ਤਰੀਕ 26 ਹੈ। ਅੱਜ ਦੇਸ਼ ਦੇ ਨੇਤਾਵਾਂ ਨੂੰ ਸਾਫ ਸੁਥਰੀ ਰਾਜਨੀਤੀ ਲਈ ਡਾਕਟਰ ਮਨਮੋਹਨ ਸਿੰਘ ਦੀ ਸ਼ਖ਼ਸੀਅਤ ਤੋਂ ਸੇਧ ਲੈਣ ਦੀ ਲੋੜ ਹੈ।



**ਕੁਲਦੀਪ ਸਿੰਘ ਸਾਹਿਲ**
**9417990040**


Namo Buddhaye
DHAMMA WAVES
Jai Bheem
Watch us Live on Facebook every Sunday at 8 pm Indian Time
live call : +91-966-797-2248
E-mail : dhammawaves.info@gmail.com
Follow Us : www.Dhammawaves.com You Tube Dhammawaves
E-mail : dhammawaves.info@gmail.com
Live on Facebook
QR Dhamma Waves You tube
Bhikkhu Dr.Upagupta Mahathero
Watch and share
Dhamma Desna By: Bhikhhu Dr. Upagupta Mahathero
Bhikkhu Topic : How should Buddhists live their lives every Day
बौद्धों को अपना प्रतिदिन जीवन किस प्रकार जीना चाहिए?
Topic : बौद्ध गया महाविहार को आज़ाद कराने की अपील और अपडेट्स
Sunday Dec.29th,24 at 8 PM Indian Time
Guest Speaker : Mr. Satish Kumar MLA Bihar

# "ਸਾਹਿਤਕਾਰੀ ਨੂੰ ਨਵੀਂ ਦਿਸ਼ਾ ਦੇਣ ਵਾਲੇ ਦਰਵੇਸ਼ ਨਾਵਲਕਾਰ ਨਾਨਕ ਸਿੰਘ"

ਉੱਘੇ ਪੰਜਾਬੀ ਨਾਵਲਕਾਰ ਨਾਨਕ ਸਿੰਘ ਦਾ ਜਨਮ 19ਵੀਂ ਸਦੀ ਵਿੱਚ ਉਸ ਵੇਲੇ ਹੋਇਆ ਜਦੋਂ ਦੇਸ਼ ਅਤੇ ਸਮਾਜ ਵਿੱਚ ਅੰਧਵਿਸ਼ਵਾਸ ਅਤੇ ਸਮਾਜਿਕ ਕੁਰੀਤੀਆਂ ਦਾ ਬੋਲਬਾਲਾ ਅੱਜ ਨਾਲੋ ਕਿਤੇ ਵੱਧ ਸੀ। ਸਮਾਜ ਜਾਦੂ ਟੂਣੇ, ਤਾਗੇ ਤਵੀਤ, ਅਤੇ ਪਖੰਡੀ ਬਾਬਿਆਂ ਦੀ ਪੂਰੀ ਤਰ੍ਹਾਂ ਜਕੜ ਵਿੱਚ ਸੀ। ਮਾਨਵਵਾਦੀ ਅਤੇ ਸਮਾਜਵਾਦੀ ਵਿਚਾਰਧਾਰਾ ਦੇ ਧਾਰਨੀ ਇਸ ਲੇਖਕ ਨੇ ਸਮਾਜ ਸੁਧਾਰ ਨੂੰ ਮੁੱਖ ਰੱਖ ਕੇ ਹੀ ਆਪਣੀ ਕਲਮ ਦੀ ਤਾਕਤ ਦੀ ਵਰਤੋਂ ਕੀਤੀ। ਨਾਨਕ ਸਿੰਘ ਨੇ ਆਪਣੇ ਨਾਵਲਾਂ ਵਿੱਚ ਸਮਾਜਿਕ ਬੁਰਾਈਆਂ, ਆਰਥਿਕ ਅਸਮਾਨਤਾ, ਸਮਾਜ ਵਿਚਲੇ ਭ੍ਰਿਸ਼ਟਾਚਾਰ, ਪਾਖੰਡ, ਬਦਚਲਣੀ, ਵੱਢੀਖੋਰੀ ,ਫਿਰਕੂ-ਜਨੂੰਨ ਅਤੇ ਜਾਤੀ ਵਿਵਸਥਾ ਆਦਿ ਨੂੰ ਨੰਗਾ ਕੀਤਾ ਹੈ। ਉਨ੍ਹਾਂ ਨੇ ਆਪਣੀ ਹਰ ਲਿਖਤ ਵਿੱਚ ਦਿਲਚਸਪੀ ਦੇ ਨਾਲ ਨਾਲ ਲੋਕਾਂ ਨੂੰ ਜਾਗਰੂਕ ਕਰਨ ਅਤੇ ਸਮਾਜ ਨੂੰ ਇੱਕ ਚੰਗਾ ਸੁਨੇਹਾ ਦੇਣ ਦੀ ਵੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਨੇ ਆਪਣੇ ਕਈ ਨਾਵਲਾਂ ਵਿਚ ਸਰਮਾਏਦਾਰੀ ਵੱਲੋਂ ਗਰੀਬ ਅਤੇ ਭੋਲੇ ਭਾਲੇ ਲੋਕਾਂ ਦੀ ਲੁੱਟ ਖਸੁੱਟ ਅਤੇ ਸ਼ੋਸਣ ਨੂੰ ਬਾਖੂਬੀ ਪੇਸ਼ ਕੀਤਾ ਹੈ ਜਿਸਦੀ ਮਿਸਾਲ ਉਨ੍ਹਾਂ ਦੇ ਲਿਖੇ ਨਾਵਲ "ਚਿੱਟਾ ਲਹੂ", ਤੋਂ ਮਿਲਦੀ ਹੈ ਇਸ ਨਾਵਲ ਦੇ ਮੁਖਬੰਦ ਵਿੱਚ ਨਾਨਕ ਸਿੰਘ ਲਿਖਦੇ ਹਨ, "ਇੰਵ ਜਾਪਦਾ ਹੈ ਕਿ ਸਾਡੇ ਸਮਾਜ ਦੇ ਖੂਨ ਵਿੱਚ ਲਾਲ ਰਕਤਾਣੂ ਖਤਮ ਹੋ ਗਏ ਹਨ ਇਹ ਨਾਵਲ ਇਨ੍ਹਾਂ ਪ੍ਰਸਿੱਧ ਹੋਇਆ ਕਿ ਪੰਜਾਬ ਦੇ ਸਕੂਲਾਂ ਵਿੱਚ ਵੀ ਪੜਾਇਆ ਗਿਆ ਅਤੇ ਰੂਸੀ ਅਨੁਵਾਦਕ ਨਤਾਲੀਆ ਤਾਲਸਤਾਏ ਨੇ "ਚਿੱਟਾ ਲਹੂ" ਦਾ ਰੂਸੀ ਵਿੱਚ ਅਨੁਵਾਦ ਕੀਤਾ। ਉਨ੍ਹਾਂ ਦੀਆ ਲਿਖਤਾਂ ਆਉਣ ਤੋਂ ਪਹਿਲਾਂ ਜ਼ਿਆਦਾ ਕਰਕੇ ਲੇਖਕਾ ਵਲੋਂ ਧਾਰਮਿਕ ਰੁਚੀ ਵਾਲੀਆ ਲਿਖਤਾਂ ਹੀ ਲਿਖੀਆਂ ਜਾਂਦੀਆਂ ਸਨ। ਸਾਹਿਤਕਾਰੀ ਨੂੰ ਇੱਕ ਨਵੀਂ ਦਿਸ਼ਾ ਪ੍ਰਦਾਨ ਕਰਨ ਵਾਲੇ ਇਸ ਮਹਾਨ ਨਾਵਲਕਾਰ ਦਾ ਜਨਮ 4 ਜੁਲਾਈ 1897 ਨੂੰ ਪਿੰਡ ਚੱਕ ਹਮੀਦ, ਜ਼ਿਲਾ ਜਿਹਲਮ (ਹੁਣ ਪਾਕਿ-ਸਤਾਨ) ਵਿੱਚ ਸ੍ਰੀ ਬਹਾਦਰ ਚੰਦ ਸੂਰੀ ਦੇ ਘਰ ਅਤੇ ਮਾਤਾ ਲੱਛਮੀ ਦੀ ਕੁੱਖੋਂ, ਬਤੌਰ ਹੰਸ ਰਾਜ, ਹੋਇਆ। ਉਹ ਪਿਸ਼ਾਵਰ ਦੇ ਗੁਰਦੁਆਰੇ ਦੇ ਗ੍ਰੰਥੀ ਬਾਗ ਸਿੰਘ ਦੀ ਪ੍ਰੇਰਨਾ ਨਾਲ਼ ਹੰਸ ਰਾਜ ਤੋਂ ਨਾਨਕ ਸਿੰਘ ਬਣ ਗਏ। ਪੰਜਵੀਂ ਜਮਾਤ ਪਿੰਡ ਦੇ ਹੀ ਸਕੂਲ ਤੋਂ ਪਾਸ ਕੀਤੀ। ਛੇਵੀਂ ਜਮਾਤ ਵਿੱਚ ਪੜ੍ਹਦੇ ਸਮੇਂ ਉਸ ਦੇ ਪਿਤਾ ਜੀ ਦੀ ਮੌਤ ਹੋ ਗਈ ਅਤੇ ਉਹ ਪੜ੍ਹਾਈ ਅਧੂਰੀ ਛੱਡ ਕੇ ਰੋਟੀ-ਰੋਜ਼ੀ ਕਮਾਉਣ ਲੱਗ ਪਏ। ਕੁੱਝ ਸਮਾਂ ਉਨ੍ਹਾਂ ਨੂੰ ਹਲਵਾਈ ਦੀ ਦੁਕਾਨ 'ਤੇ ਭਾਂਡੇ ਵੀ ਮਾਂਜਣੇ ਪਏ ਅਤੇ ਮੇਲਿਆਂ ਵਿੱਚ ਕੁਲਫੀਆਂ ਵੀ ਵੇਚਣੀਆਂ ਪਈਆ। ਨਾਨਕ ਸਿੰਘ ਨੇ 13 ਸਾਲ ਦੀ ਛੋਟੀ ਉਮਰ ਵਿੱਚ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਸੀ। 13 ਅਪ੍ਰੈਲ 1919 ਦੀ ਵਿਸਾਖੀ ਦੇ ਦਿਨ ਅੰਮ੍ਰਿਤਸਰ ਦੇ ਜਲਿਆਂਵਾਲਾ ਬਾਗ ਦੀ ਘਟਨਾ ਨੂੰ ਉਨ੍ਹਾਂ ਨੇ ਅੱਖੀਂ ਵੇਖਿਆ ਜਿਸ ਦਾ ਉਸ ਦੇ ਮਨ ਤੇ ਡੂੰਘਾ ਅਸਰ



ਹੋਇਆ ਕਿਉਂਕਿ ਉਸ ਦੇ ਦੋ ਦੋਸਤ ਵੀ ਇਸ ਹੱਤਿਆ-ਕਾਂਡ ਵਿੱਚ ਮਾਰੇ ਗਏ ਸਨ। ਉਸ ਨੇ ਬ੍ਰਿਟਿਸ਼ ਹਕੂਮਤ ਦੇ ਅੱਤਿਆਚਾਰ ਨੂੰ ਨੰਗਾ ਕਰਦੀ ਇੱਕ ਲੰਮੀ ਕਵਿਤਾ ਖ਼ੂਨੀ ਵਿਸਾਖੀ ਲਿਖੀ। ਹਕੂਮਤ ਨੇ ਇਸ ਤੇ ਪਾਬੰਦੀ ਲਾ ਦਿੱਤੀ ਅਤੇ ਜ਼ਬਤ ਕਰ ਲਈ।1911 ਵਿੱਚ ਨਾਨਕ ਸਿੰਘ ਦਾ ਪਹਿਲਾ ਕਾਵਿ ਸੰਗ੍ਰਹਿ, ਸੀਹਰਫੀ ਹੰਸ ਰਾਜ, ਛਪਿਆ ਅਤੇ ਕੁਝ ਧਾਰਮਿਕ ਗੀਤ ਵੀ ਲਿਖੇ ਜਿਹੜੇ ਸਤਿਗੁਰ ਮਹਿਮਾ ਨਾਂਅ ਹੇਠ ਛਪੇ। 1921 ਵਿੱਚ ਨਾਨਕ ਸਿੰਘ ਦਾ ਵਿਆਹ ਰਾਜ ਕੌਰ ਨਾਲ ਹੋਇਆ ਉਹ ਇੱਕ ਪੂਰਨ ਗ੍ਰਹਿਸਥੀ ਇਨਸਾਨ ਸਨ। ਉਨ੍ਹਾਂ ਨੇ ਕਦੇ ਵੀ ਆਪਣੀ ਲਿਖਤ ਨੂੰ ਗ੍ਰਹਿਸਥੀ ਜੀਵਨ ਵਿੱਚ ਅੜਚਣ ਨਹੀਂ ਬਨਣ ਦਿਤਾ। ਉਨ੍ਹਾਂ ਦੇ ਪੰਜ ਪੁੱਤਰ ਅਤੇ ਇੱਕ ਧੀ, ਜੋਂ ਬਾਅਦ ਵਿੱਚ ਪੋਤੇ ਪੋਤੀਆਂ ਅਤੇ ਦੋਹਤੇ ਦੋਹਤੀਆਂ ਵਾਲਾ ਪਰਿਵਾਰ ਬਣ ਗਿਆ।1922 ਵਿੱਚ ਉਨ੍ਹਾਂ ਨੂੰ ਗੁਰੂ ਕਾ ਬਾਗ ਮੋਰਚੇ ਸਮੇਂ ਜੇਲ੍ਹ ਜਾਣਾ ਪਿਆ। ਇਸ ਸਮੇਂ ਉਸ ਨੇ ਆਪਣੀ ਦੂਸਰੀ ਕਾਵਿ ਪੁਸਤਕ ਜ਼ਖਮੀ ਦਿਲ ਲਿਖੀ ਜੋ 1923 ਵਿੱਚ ਛਪੀ ਤੇ ਜਿਸ ਤੇ ਮਹਿਜ ਦੋ ਹਫ਼ਤਿਆਂ ਬਾਅਦ ਪਾਬੰਦੀ ਲਾ ਦਿੱਤੀ ਗਈ। ਜੇਲ੍ਹ ਵਿੱਚ ਹੀ ਉਸ ਨੇ ਮੁਨਸ਼ੀ ਪ੍ਰੇਮ ਚੰਦ ਦੇ ਨਾਵਲ ਪੜ੍ਹੇ, ਜਿਹਨਾਂ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਜੇਲ੍ਹ ਵਿੱਚ ਹੀ ਆਪਣਾ ਪਹਿਲਾ ਨਾਵਲ "ਅੱਧ ਖਿੜੀ ਕਲੀ" ਲਿਖਿਆ, ਜੋ ਬਾਅਦ ਵਿੱਚ ਅੱਧ ਖਿੜਿਆ ਫੁੱਲ ਨਾਂਅ ਹੇਠ ਛਪਿਆ। ਉਨ੍ਹਾਂ ਨੇ ਅਠੱਤੀ ਨਾਵਲਾਂ ਤੋਂ ਬਿਨਾਂ ਚਾਰ ਕਾਵਿ ਸੰਗ੍ਰਹਿ, ਕਈ ਕਹਾਣੀ ਸੰਗ੍ਰਹਿ, ਸਵੈਂ ਜੀਵਨੀ ਯਾਦਾਂ, ਤਰਜਮੇ, ਲੇਖ ਅਤੇ ਨਾਟਕ ਵੀ ਲਿਖੇ। ਉਨ੍ਹਾਂ ਦੇ ਨਾਵਲਾਂ ਵਿੱਚੋ ਚਿੱਟਾ ਲਹੂ, ਅੱਧ ਖਿੜਿਆ ਫੁੱਲ, ਗਰੀਬ ਦੀ ਦੁਨੀਆਂ, ਇੱਕ ਮਿਆਨ ਦੋ ਤਲਵਾਰਾਂ, ਪਵਿਤਰ ਪਾਪੀ, ਬੰਜਰ, ਆਦਮਖੋਰ, ਆਦਿ ਕਾਫ਼ੀ ਮਕਬੂਲ ਹੋਏ। ਨਾਨਕ ਸਿੰਘ ਦੇ ਨਾਵਲ 'ਇਕ ਮਿਆਨ ਦੋ ਤਲਵਾਰਾਂ' ਨੂੰ 1961 ਵਿਚ

**ਜੇਲ੍ਹ ਵਿੱਚ ਹੀ ਉਸ ਨੇ ਮੁਨਸ਼ੀ ਪ੍ਰੇਮ ਚੰਦ ਦੇ ਨਾਵਲ ਪੜ੍ਹੇ, ਜਿਹਨਾਂ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਜੇਲ੍ਹ ਵਿੱਚ ਹੀ ਆਪਣਾ ਪਹਿਲਾ ਨਾਵਲ "ਅੱਧ ਖਿੜੀ ਕਲੀ" ਲਿਖਿਆ, ਜੋ ਬਾਅਦ ਵਿੱਚ ਅੱਧ ਖਿੜਿਆ ਫੁੱਲ ਨਾਂਅ ਹੇਠ ਛਪਿਆ। ਉਨ੍ਹਾਂ ਨੇ ਅਠੱਤੀ ਨਾਵਲਾਂ ਤੋਂ ਬਿਨਾਂ ਚਾਰ ਕਾਵਿ ਸੰਗ੍ਰਹਿ, ਕਈ ਕਹਾਣੀ ਸੰਗ੍ਰਹਿ, ਸਵੈਂ ਜੀਵਨੀ ਯਾਦਾਂ, ਤਰਜਮੇ, ਲੇਖ ਅਤੇ ਨਾਟਕ ਵੀ ਲਿਖੇ।**

ਸਾਹਿਤ ਅਕਾਦਮੀ ਪੁਰਸਕਾਰ ਵੀ ਮਿਲਿਆ ਅਤੇ ਉਨ੍ਹਾਂ ਦੇ ਨਾਵਲ 'ਪਵਿੱਤਰ ਪਾਪੀ' 'ਤੇ ਅਧਾਰਿਤ ਇਕ ਹਿੰਦੀ ਫਿਲਮ ਵੀ ਬਣ ਚੁੱਕੀ ਹੈ। ਉਨ੍ਹਾਂ ਨੇ ਕਵਿਤਾਵਾਂ ਲਿਖਣ ਤੇ ਵੀ ਕਲਮ ਚਲਾਈ ਅਤੇ ਉਨ੍ਹਾਂ ਦੇ ਸੀਹਰਫ਼ੀ ਹੰਸ ਰਾਜ, ਸਤਿਗੁਰ ਮਹਿਮਾ, ਅਤੇ ਜ਼ਖਮੀ ਦਿਲ ਕਵਿ ਸੰਗ੍ਰਹਿ ਪ੍ਰਕਾਸ਼ਿਤ ਹੋਏ। ਉਨ੍ਹਾਂ ਨੇ ਬਹੁਤ ਸਾਰੇ ਕਹਾਣੀ ਸੰਗ੍ਰਹਿ ਵੀ ਲਿਖੇ ਜਿਨ੍ਹਾਂ ਵਿੱਚ ਹੰਝੂਆਂ ਦੇ ਹਾਰ, ਸੱਧਰਾਂ ਦੇ ਹਾਰ, ਮਿੱਧੇ ਹੋਏ ਫੁੱਲ, ਠੰਡੀਆਂ ਛਾਵਾਂ ਆਦਿ ਕਾਫ਼ੀ ਮਕਬੂਲ ਹੋਏ। ਉਨ੍ਹਾਂ ਨੂੰ ਇਤਿਹਾਸਕ ਨਾਵਲ ਇਕ ਮਿਆਨ ਦੋ ਤਲਵਾਰਾਂ ਲਈ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ। ਆਪਣੇ ਜੀਵਨ ਵਿੱਚ ਉਹ ਜ਼ਿਆਦਾ ਦੇਰ ਅੰਮ੍ਰਿਤਸਰ ਵਿੱਚ ਹੀ ਰਹੇ ਜਿਥੇ ਉਨ੍ਹਾਂ ਨੇ ਪ੍ਰਕਾਸ਼ਨ ਦਾ ਕੰਮ ਵੀ ਕੀਤਾ । ਉਹ ਅਪਣਾ ਨਾਵਲ ਲਿਖਣ ਲਈ ਜ਼ਿਆਦਾ ਕਰਕੇ ਡਲਹੌਜ਼ੀ ਦੇ ਪਹਾੜੀ ਅਤੇ ਸ਼ਾਂਤ ਇਲਾਕੇ ਵਿੱਚ ਚਲੇ ਜਾਂਦੇ ਸਨ ਅਤੇ ਆਪਣਾ ਨਾਵਲ ਪੂਰਾ ਕਰਕੇ ਵਾਪਿਸ ਅਪਣੇ ਸ਼ਹਿਰ ਅੰਮ੍ਰਿਤਸਰ ਆ ਜਾਂਦੇ ਸਨ ਇਸੇ ਸ਼ਹਿਰ ਪ੍ਰੀਤ ਨਗਰ ਵਿਚ ਨਾਨਕ ਸਿੰਘ ਦੇ ਨਾਂ 'ਤੇ ਇਕ ਓਪਨ ਥੀਏਟਰ ਵੀ ਸਥਾਪਿਤ ਕੀਤਾ ਗਿਆ ਹੈ। ਉੱਥੇ ਹੀ ਨਾਨਕ ਦੇ ਨਾਂ 'ਤੇ ਇਕ ਸ਼ਾਨਦਾਰ ਪਾਰਕ ਵੀ ਮੌਜੂਦ ਹੈ। ਪ੍ਰੀਤ ਨਗਰ ਵਿਖੇ ਹੀ 28 ਦਸੰਬਰ 1971 ਨੂੰ ਨਾਵਲਕਾਰ ਨਾਨਕ ਸਿੰਘ ਹਮੇਸ਼ਾ ਲਈ ਇਸ ਦੁਨੀਆ ਨੂੰ ਅਲਵਿਦਾ ਆਖ ਗਏ ਸਨ। ਹਰ ਸਾਲ ਉਨ੍ਹਾਂ ਦੀ ਬਰਸੀ ਮੌਕੇ ਇਸ ਦਰਵੇਸ਼ ਅਤੇ ਕ੍ਰਾਂਤੀਕਾਰੀ ਨਾਵਲਕਾਰ ਨੂੰ ਪਾਠਕਾਂ ਵੱਲੋਂ ਯਾਦ ਕੀਤਾ ਜਾਂਦਾ ਹੈ।



**ਕੁਲਦੀਪ ਸਿੰਘ ਸਾਹਿਲ**
**9417990040**

# ਸਾਹਿਤ ਸਮਾਜ

28/12/2024

## ਕੱਲ ਮੈਂ ਫ਼ਤਹਿਗੜ੍ਹ ਸਾਹਿਬ ਗਈ.....!!

ਰੋਲਾਂ ਗੋਲਾ , ਤਰ੍ਹਾਂ ਤਰ੍ਹਾਂ ਦੇ ਲੰਗਰ , ਸੇਲ , ਟਰੈਕਟਰਾਂ ਤੇ ਮੋਟਰਸਾਇਕਲਾਂ ਦੀਆਂ ਰੇਸਾਂ ਤੇ ਗੀਤ......
ਕਿਸੇ ਦੀ ਮੱਥਾ ਟੇਕਣ ਤੋਂ ਲੜਾਈ ਤੇ ਕਿਸੇ ਦੀ ਖਾਣ ਤੋਂ , ਕਿਸੇ ਨੂੰ ਪਕੌੜੇ ਨਹੀਂ ਮਿਲੇ ਤੇ ਕਿਸੇ ਨੂੰ ਆਪਣੀ ਜੁੱਤੀ , ਮੱਥਾ ਟੇਕਣ ਲਈ ਲਾਈਨਾਂ ਵਿੱਚ ਉੱਚੀ- ਉੱਚੀ ਦੰਦ ਕੱਢਦੇ ਤੇ ਧੱਕੇ ਮਾਰਦੇ ਲੋਕ, ਕੁੜੀਆਂ ਵੱਲ ਝਾਕਦੇ ਮੁੰਡੇ, ਸ਼ੋਰ ਸ਼ਰਾਬਾ , ਫੁਕਰਪੁਣਾ , ਵਗੈਰਾ ਵਗੈਰਾ......!!
ਸੱਚੀ ਮੈਨੂੰ ਨਹੀਂ ਲੱਗਿਆ ਕਿ ਮੈ ਸ਼ਹੀਦੀ ਦਿਹਾੜੇ ਤੇ ਗਈ ਹਾਂ.....!!!
ਦੇਖ ਕੇ ਦੁੱਖ ਹੋਇਆ ਕਿ ਸਾਹਿਬਜਾਦਿਆਂ ਦੀ ਸ਼ਹੀਦੀ ਨੂੰ ਅਸੀਂ ਸਿਰਫ ਇੱਕ ਮਨਾਇਆ ਜਾਣ ਵਾਲਾ ਮੇਲਾ ਬਣਾ ਕੇ ਰੱਖ ਦਿੱਤਾ ..... ਖ਼ਾ ਪੀ ਓਨਜੋ ਕਰ ਘਰਾਂ ਨੂੰ ਆ ਜਾਣਾ। ਕੋਈ ਅਹਿਸਾਸ ਨਹੀਂ , ਸਿਰਫ ਪੰਜ ਸੱਤ ਦਿਨ ਸਾਹਿਬਜਾਦਿਆ ਦੀ ਸ਼ਹੀਦੀ ਤੇ ਬਾਕੀ ਦਿਨ.....??? ਹੋਰ ਦੋ ਚਾਰ ਦਿਨਾਂ ਨੂੰ ਅਸੀਂ ਸਭ ਕੁਝ ਭੁੱਲ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਤੇ ਲੋਹੜੀ ਨੂੰ ਮਨਾਉਣ ਲਗ ਜਾਣਾ ....!!!
ਤੇ ਉਹਨਾਂ ਦੀ ਸੋਚ ???.....ਜੋ ਦੱਬ ਦਿੱਤੀ ਹੈ ਅਸੀਂ ਆਪਣੇ ਸਵਾਰਥਾਂ ਕਰਕੇ ....!!!
ਅਸੀਂ ਉਹਨਾਂ ਤੋਂ ਕੁਝ ਸਿੱਖਣ ਦੀ ਬਜਾਇ ਸਿਰਫ ਦਿਨ ਮਨਾਉਣ ਤੱਕ ਸੀਮਤ ਰਹਿ ਗਏ । ਜੇਕਰ ਕੋਈ ਸੋਚਦਾ ਹੈ ਕਿ ਇਨਾਂ ਦਿਨਾਂ ਵਿੱਚ ਮੈ ਆਪਣੇ ਬੱਚਿਆ ਨੂੰ ਲੈ ਕੇ ਜਾਵਾਂ ਤੇ ਓਹ ਕੁਝ ਸਿੱਖਣਗੇ.....ਤਾਂ ਮੈਨੂੰ ਨਹੀਂ ਲਗਦਾ ਕਿ ਬੱਚੇ ਕੁਝ ਸਿੱਖ ਕੇ ਆ ਸਕਣਗੇ....!!!




ਭਾਜੀ ਹਰਨੇਕ ਸਿੰਘ ਜੀ ਨੇ ਇਕ ਪੋਸਟ ਪਾਈ ਜਿਸ ਵਿੱਚ ਲਿਖਿਆ ਸੀ ਕਿ
"ਸਾਡੇ ਲਈ ਸ਼ਹਾਦਤਾਂ ਸੋਗ ਮਨਾਉਣ ਵਾਸਤੇ ਨੀ : ਸਗੋਂ ਆਪਣੇ ਇਰਾਦਿਆਂ ‘ਚ,ਦ੍ਰਿੜਤਾ ਭਰਨ ਲਈ ਪ੍ਰੇਰਨਾ ਸਰੋਤ ਆ ! "
ਗੱਲ 100% ਸੱਚ ਹੈ ਪਰ ਦ੍ਰਿੜਤਾ ਤਾਂ ਦੂਰ ਦੀ ਗੱਲ ਸਾਡੇ ਅੰਦਰ ਤਾਂ ਸੋਗ ਵੀ ਨਹੀਂ ਹੈ,, ਮੈ ਦੇਖਿਆ ਖੁਦ ਆਪਣੀ ਅੱਖਾਂ ਨਾਲ...!!
ਸਭ ਦਿਖਾਵਾ , ਸ਼ੋਸ਼ੇਬਾਜੀ , ਨੰਬਰ ਬਣਾਉਣੇ,,, ਏਨੀਆਂ ਮਹਾਨ ਸ਼ਹਾਦਤਾਂ ਦਾ ਮਜਾਕ ਬਣਾ ਕੇ ਰੱਖ ਦਿੱਤਾ।
ਅਸੀਂ ਕਿਸੇ ਨੂੰ ਕੀ ਸਿਖਾਉਣਾ ਹੈ ,,,ਅਸੀਂ ਤਾਂ ਖੁਦ ਹਲੇ ਕੁਝ ਵੀ ਨਹੀਂ ਸਿੱਖੇ ।
ਇੰਨੇ ਮਹਾਨ ਤੇ ਕੁਰਬਾਨੀਆਂ ਭਰੇ ਇਤਿਹਾਸ ਤੇ ਗੁਰਬਾਣੀ ਨੂੰ ਦੱਬ ਰਹੇ ਹਾਂ ਆਪਣੀ ਨਲਾਇਕੀਆਂ ਨਾਲ ......!!
ਬਹੁਤ ਸ਼ਰਮ ਆਈ ਤੇ ਦੁੱਖ ਹੋਇਆ ਸਭ ਦੇਖ ਕੇ......!!!!!



ਦਿਲਪ੍ਰੀਤ ਗੁਰੀ

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com